International Journal of Research in Economics and Social Sciences(IJRESS)
Available online at: http://euroasiapub.org
Vol. 9 Issue 1, January- 2019
ISSN(o): 2249-7382 | Impact Factor: 6.939 |

# ਰਵਿੰਦਰ ਨਾਥ ਟੈਗੋਰ

## (Rabindranath Tagore)

**ਵੀਰਪਾਲ ਸਿੰਘ**
**ਸਹਾਇਕ ਪ੍ਰੋਫ਼ੈਸਰ**
**ਪੋਸਟ ਗ੍ਰੈਜੂਏਟ ਰਾਜਨੀਤੀ ਵਿਗਿਆਨ ਵਿਭਾਗ**
**ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ਼**
**ਸ੍ਰੀ ਅਨੰਦਪੁਰ ਸਾਹਿਬ।**

ਰਵਿੰਦਰ ਨਾਥ ਟੈਗੋਰ ਭਾਰਤ ਦੀ ਇੱਕ ਮਹਾਨ ਸ਼ਖ਼ਸੀਅਤ ਸਨ , ਜੋ ਕਿ ਇੱਕ ਮਹਾਨਕ ਵੀ, ਸਾਹਿਤਕਾਰ, ਦਾਰਸ਼ਨਿਕ, ਨਾਟਕਕਾਰ, ਸੰਗੀਤਕਾਰ, ਚਿੱਤਰਕਾਰ ਅਤੇ ਸਿਧਾਂਤਕਾਰ ਸਨ। ਸ਼ਾਇਦ ਹੀ ਉਨ੍ਹਾਂ ਜਿਹੀ ਪ੍ਰਤਿਭਾ ਵਰਗੀ ਉਦਾਹਰਨ ਵਿਸ਼ਵ ਵਿੱਚ ਹੋਰ ਕਿਤੇ ਮੌਜੂਦ ਹੋਵੇ । ਉਹ ਪਹਿਲੇ ਭਾਰਤੀ ਅਤੇ ਏਸ਼ੀਆਈ ਬਣੇ ਜਿਨ੍ਹਾਂ ਨੂੰ **ਸਾਹਿਤ ਦੇ ਖੇਤਰ ਵਿੱਚ ਨੋਬਲ ਪੁਰਸਕਾਰ** ਨਾਲ ਨਿਵਾਜਿਆ ਗਿਆ । ਉਨ੍ਹਾਂ ਨੇ ਆਪਣੀਆਂ ਰਚਨਾਵਾਂ ਦੁਆਰਾ ਉਸ ਸਮੇਂ ਦੇ ਜੀਵਨ ਦੇ ਹਰ ਇੱਕ ਪਹਿਲੂ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ । ਭਾਵੇਂ ਉਹ ਗਾਂਧੀ ਜੀ ਦਾ ਬਹੁਤ ਸਨਮਾਨ ਕਰਦੇ ਸਨ ਪਰ ਉਨ੍ਹਾਂ ਨੇ ਰਾਸ਼ਟਰਵਾਦ , ਦੇਸ਼ ਭਗਤੀ, ਸੰਸਕ੍ਰਿਤਿਕ ਵਿਚਾਰਾਂ ਦੀ ਅਦਲਾ -ਬਦਲੀ ਤਰਕਸ਼ਕਤੀ ਵਰਗੇ ਵਿਸ਼ਿਆਂ ਉਤੇ ਉਨ੍ਹਾਂ ਤੋਂ ਵੱਖਰੇ ਵਿਚਾਰ ਰੱਖੇ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਉਹ ਇੱਕ ਵੱਖਰੀ ਸ਼ਖ਼ਸੀਅਤ ਦੇ ਮਾਲਕ ਸਨ । ਉਨ੍ਹਾਂ ਨੇ ਆਪਣੇ ਜੀਵਨ ਕਾਲ ਦੌਰਾਨ ਕਈ ਨਾਟਕ , ਕਵਿਤਾਵਾਂ, ਨਾਵਲ, ਕਹਾਣੀਆਂ ਅਤੇ ਚਿੱਤਰਾਂ ਆਦਿ ਦੀ ਰਚਨਾ ਕੀਤੀ, ਜਿਨ੍ਹਾਂ ਵਿੱਚੋਂ ਉਨ੍ਹਾਂ ਦੀ ਵੱਖਰੀ ਸ਼ੈਲੀ ਝਲਕਦੀ ਹੈ।

**ਜੀਵਨ (Life):** ਰਵਿੰਦਰ ਨਾਥ ਟੈਗੋਰ ਆਪਣੇ ਮਾਤਾ-ਪਿਤਾ ਦੀ **13ਵੀਂ** ਸੰਤਾਨ ਸਨ। ਉਹ ਪਰਿਵਾਰ ਵਿਚੋਂ ਸਭ ਤੋਂ ਛੋਟੇ ਸਨ। ਉਨ੍ਹਾਂ ਦਾ ਜਨਮ 7 ਮਈ 1861 ਨੂੰ ਕਲਕੱਤਾ ਵਿਖੇ ਹੋਇਆ ਸੀ ਉਨ੍ਹਾਂ ਦੇ ਪਿਤਾ ਦਾ ਨਾਮ **ਦਵਿੰਦਰਨਾਥ ਟੈਗੋਰ** ਅਤੇ ਮਾਤਾ ਦਾ ਨਾਮ **ਸ਼ਾਰਦਾ ਦੇਵੀ** ਸੀ। ਉਨ੍ਹਾਂ ਦਾ ਮੁੱਢਲਾ ਨਾਮ **ਰਵਿੰਦਰ ਨਾਥ ਠਾਕੁਰ** ਸੀ। ਉਨ੍ਹਾਂ ਦਾ ਪਹਿਲਾ ਨਾਮ **ਭਾਨੂ ਸਿੰਘ ਠਾਕੁਰ** ਸੀ, ਕੁਝ ਲੋਕ ਉਨ੍ਹਾਂ ਨੂੰ **ਭੋਨੀਟਾ** ਕਹਿੰਦੇ ਸਨ। ਉਨ੍ਹਾਂ ਦੇ ਚੇਲੇ ਉਨ੍ਹਾਂ ਨੂੰ **ਗੁਰੂਦੇਵ, ਕਵੀ ਗੁਰੂ** ਅਤੇ **ਵਿਸ਼ਵ ਕਵੀ** ਨਾਵਾਂ ਨਾਲ ਪੁਕਾਰਦੇ ਸਨ।

International Journal of Research in Economics and Social Sciences(IJRESS)
Available online at: http://euroasiapub.org
Vol. 9 Issue 1, January- 2019
ISSN(o): 2249-7382 | Impact Factor: 6.939 |

ਰਵਿੰਦਰ ਨਾਥ ਟੈਗੋਰ ਦਾ ਪਾਲਣ-ਪੋਸਣ ਨੌਕਰਾਂ ਦੇ ਹੱਥਾਂ ਵਿੱਚ ਹੋਇਆ, ਕਿਉਂਕਿ ਬਚਪਨ ਵਿੱਚ ਹੀ ਉਨ੍ਹਾਂ ਦੀ ਮਾਤਾ ਦੀ ਮੌਤ ਹੋ ਗਈ ਸੀ ਅਤੇ ਉਨ੍ਹਾਂ ਦੇ ਪਿਤਾ ਜੀ ਜ਼ਿਆਦਾਤਰ ਯਾਤਰਾਵਾਂ 'ਤੇ ਰਹਿੰਦੇ ਸਨ। ਟੈਗੋਰ ਪਰਿਵਾਰ ਬੰਗਾਲੀ ਪੁਨਰ-ਜਾਗਰਨ ਲਹਿਰ ਵਿੱਚ ਸਭ ਤੋਂ ਮੋਹਰੀ ਸੀ। ਉਨ੍ਹਾਂ ਦੁਆਰਾ ਸਾਹਿਤਕ ਰਸਾਲੇ ਛਾਪੇ ਜਾਂਦੇ ਸਨ। ਇਸ ਦੇ ਨਾਲ ਹੀ ਥੀਏਟਰ ਅਤੇ ਸੰਗੀਤ ਦੇ ਖੇਤਰ ਵਿੱਚ ਵੀ ਉਨ੍ਹਾਂ ਦਾ ਪਰਿਵਾਰ ਲਗਾਤਾਰ ਕੰਮ ਕਰ ਰਿਹਾ ਸੀ । ਟੈਗੋਰਦੇ ਪਿਤਾ ਨੇ ਆਪਣੇ ਬੱਚਿਆਂ ਨੂੰ ਸੰਗੀਤ ਦੀ ਸਿੱਖਿਆ ਦੇਣ ਲਈ ਕਈ ਸੰਗੀਤ ਦੇ ਅਧਿਆਪਕ ਰੱਖੇ ਹੋਏ ਸਨ । ਉਨ੍ਹਾਂ ਦੇ ਪਰਿਵਾਰ ਵਿਚ ਉਨ੍ਹਾਂ ਦੇ ਭਰਾ ਅਤੇ ਭੈਣਾਂ ਸਾਰੇ ਹੀ ਅਲੱਗ -ਅਲੱਗ ਖੇਤਰਾਂ ਵਿੱਚ ਬਹੁਤ ਪ੍ਰਸਿੱਧ ਹੋਏ। ਉਨ੍ਹਾਂ ਦੇ ਭਰਾ **ਹਮੇਂਦਰਨਾਥ** ਨੇ ਉਨ੍ਹਾਂ ਨੂੰ ਸਰੀਰਕ ਸਿੱਖਿਆ ਅਤੇ ਵਰਜਿਸ਼ ਦੀ ਸਿੱਖਿਆ ਪ੍ਰਦਾਨ ਕੀਤੀ । ਇਸ ਦੌਰਾਨ ਟੈਗੋਰ ਨੇ ਚਿੱਤਰਕਲਾ, ਭੂਗੋਲ ਵਿਗਿਆਨ, ਇਤਿਹਾਸ, ਸਾਹਿਤ, ਗਣਿਤ, ਸੰਸਕ੍ਰਿਤ ਅਤੇ ਅੰਗਰੇਜ਼ੀ ਦੀ ਸਿੱਖਿਆ ਪ੍ਰਾਪਤ ਕੀਤੀ। ਅੰਗਰੇਜ਼ੀ ਉਨ੍ਹਾਂ ਦਾ ਸਭ ਤੋਂ ਪਸੰਦੀਦਾ ਵਿਸ਼ਾ ਸੀ । ਉਨ੍ਹਾਂ ਨੇ ਜ਼ਿਆਦਾਤਰ ਆਪਣੀਆਂ ਕੀਤੀਆਂ ਗਈਆਂ ਵੱਖ -ਵੱਖ ਯਾਤਰਾਵਾਂ ਤੋਂ ਸਿੱਖਿਆ। ਉਨ੍ਹਾਂ ਦਾ ਮੰਨਣਾ ਸੀ ਸਿੱਖਿਆ ਕੇਵਲ ਵਸਤੂਆਂ ਦਾ ਵਰਣਨ ਨਹੀਂ ਸਗੋਂ ਸਿੱਖਿਆ ਤਾਂ ਉਤਸੁਕਤਾ ਨਾਲ ਹਾਸਲ ਕੀਤੀ ਜਾ ਸਕਦੀ ਹੈ।

ਸਿਰਫ਼ 13 ਸਾਲ ਦੀ ਉਮਰ ਵਿੱਚ ਉਹ **ਫਰਵਰੀ 1873** ਵਿੱਚ ਆਪਣੇ ਪਿਤਾ ਨਾਲ ਭਾਰਤ ਦੀ ਯਾਤਰਾ 'ਤੇ ਨਿਕਲ ਗਏ। **ਪੰਜਾਬ** ਵਿੱਚ **ਅੰਮ੍ਰਿਤਸਰ ਸਾਹਿਬ** ਪਹੁੰਚਣ ਤੋਂ ਪਹਿਲਾਂ ਉਹ ਆਪਣੇ ਪਿਤਾ ਦੇ ਸ਼ਾਂਤੀ ਨਿਕੇਤਨ ਵਿੱਚ ਵੀ ਗਏ। ਇਸ ਯਾਤਰਾ ਦੌਰਾਨ ਉਨ੍ਹਾਂ ਨੇ ਕਈ ਆਤਮਕਥਾਵਾਂ ਪੜ੍ਹੀਆਂ ਅਤੇ ਇਤਿਹਾਸ ਦਾ ਗਿਆਨ ਹਾਸਿਲ ਕੀਤਾ। ਇਸ ਸਮੇਂ ਦੌਰਾਨ ਹੀ ਉਨ੍ਹਾਂ ਨੇ **ਕਾਲੀਦਾਸ** ਦੀਆਂ ਕਵਿਤਾਵਾਂ ਦਾ ਅਧਿਐਨ ਵੀ ਕੀਤਾ । ਉਹ ਸ੍ਰੀ ਅੰਮ੍ਰਿਤਸਰ ਸਾਹਿਬ ਲਗਭਗ ਇੱਕ ਮਹੀਨਾ ਰਹੇ। ਇੱਥੇ ਰਹਿੰਦੇ ਹੋਏ ਉਹ ਗੁਰਬਾਣੀ ਕੀਰਤਨ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋਏ । ਇਸ ਲਈ ਉਹ ਹਰ ਰੋਜ਼ ਆਪਣੇ ਪਿਤਾ ਨਾਲ ਅਕਸਰ **ਸ੍ਰੀ ਦਰਬਾਰ ਸਾਹਿਬ** ਜਾਂਦੇ ਸਨ। ਗੁਰਬਾਣੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ **6 ਕਵਿਤਾਵਾਂ ਸਿੱਖ ਧਰਮ** ਉੱਤੇ ਲਿਖੀਆਂ ਅਤੇ ਕਈ ਲੇਖ ਬੱਚਿਆਂਦੇ ਬੰਗਾਲੀ ਰਸਾਲਿਆਂ ਵਿੱਚ ਲਿਖੇ। ਇਸ ਯਾਤਰਾ ਤੋਂ ਵਾਪਸ ਆ ਕੇ ਉਨ੍ਹਾਂ ਨੇ ਕਈ ਕਵਿਤਾਵਾਂ , ਲੇਖ, ਮਿੰਨੀ ਕਹਾਣੀਆਂ ਵੀ ਲਿਖੀਆਂ। ਇਸ ਤੋਂ ਬਾਅਦ ਉਹ **ਜੋਰੋਸਾਂਕੋ** ਆ ਗਏ ਜਿੱਥੇ ਉਨ੍ਹਾਂ ਨੇ **1877** ਤੱਕ ਬਹੁਤ ਸਾਰੀਆਂ ਲਿਖਤਾਂ ਲਿਖਣ ਦਾ ਕੰਮ ਕੀਤਾ । ਉਨ੍ਹਾਂ ਨੇ ਬੰਗਾਲੀ ਭਾਸ਼ਾ ਵਿੱਚ **1882 ਈ.** ਵਿੱਚ ਪਹਿਲੀ ਛੋਟੀ ਕਹਾਣੀ **ਭਿਖਾਰਨ (The Beggar Woman)** ਲਿਖੀ ਕਿਉਂਕਿ ਟੈਗੋਰ ਦੇ ਪਿਤਾ ਚਾਹੁੰਦੇ ਸਨ ਕਿ ਉਨ੍ਹਾਂ ਦਾ ਇੱਕ ਪੁੱਤਰ ਬੈਰਿਸਟਰ ਬਣੇ। ਇਸ ਲਈ ਉਨ੍ਹਾਂ ਨੇ ਟੈਗੋਰ ਨੂੰ 1878 ਵਿੱਚ ਇੰਗਲੈਂਡ ਦੇ **ਪੂਰਬੀ ਸੈਂਸੈਕਸ ਵਿੱਚ ਬ੍ਰਾਈਟਨ** ਦੇ ਇੱਕ ਸਕੂਲ ਵਿੱਚ ਦਾਖ਼ਲ ਕਰਵਾ ਦਿੱਤਾ।

ਉਨ੍ਹਾਂ ਨੇ **ਯੂਨੀਵਰਸਿਟੀ ਲੰਡਨ ਕਾਲਜ ਤੋਂ ਕਾਨੂੰਨ** ਦੀ ਪੜ੍ਹਾਈ ਕੀਤੀ। ਪਰ ਫਿਰ ਪੜ੍ਹਾਈ ਛੱਡ ਦਿੱਤੀ ਅਤੇ **ਸ਼ੈਕਸਪੀਅਰ** ਦੇ ਨਾਟਕ **ਕੋਰਿਓਲਾਨਸ(Coriolanus)** ਅਤੇ **ਥਾਮਸ ਬ੍ਰਾਇਨ** ਦੀ **ਰਿਲੀਜ਼ੀਓ ਮੈਡੀਕੀ (Religio Medici)** ਦੇ ਸੁਤੰਤਰ ਅਧਿਐਨ ਦੀ ਚੋਣ ਕੀਤੀ। ਇਸ ਤੋਂ ਇਲਾਵਾ ਅੰਗਰੇਜ਼ੀ, ਆਇਰਿਸ਼ ਅਤੇ ਸਕਾਟਿਸ਼ ਲੋਕ ਧੁਨਾਂ ਨੇ ਵੀ ਟੈਗੋਰ ਨੂੰ ਕਾਫੀ ਪ੍ਰਭਾਵਿਤ ਕੀਤਾ । **1880** ਵਿੱਚ ਉਹ ਇੰਗਲੈਂਡ ਤੋਂ ਬਿਨਾਂ ਕੋਈ ਡਿਗਰੀ ਪ੍ਰਾਪਤ ਕੀਤਿਆਂ ਬੰਗਾਲ ਵਾਪਸ ਆ ਗਏ ਅਤੇ ਯੂਰਪੀਅਨ ਨਵੀਨਤਾ ਅਤੇ ਬ੍ਰਹਮੋ ਪ੍ਰੰਪਰਾਵਾਂ ਵਿੱਚੋਂ ਸ੍ਰੇਸ਼ਟ ਤੱਤਾਂ ਨੂੰ ਮਿਲਾਉਣ ਦਾ ਸੰਕਲਪ ਲਿਆ। ਇਸ ਲਈ ਉਨ੍ਹਾਂ ਨੇ ਇੱਥੇ ਨਿਯਮਿਤ ਤੌਰ ਉੱਤੇ ਕਵਿਤਾਵਾਂ, ਕਹਾਣੀਆਂ ਅਤੇ ਨਾਵਲ ਪ੍ਰਕਾਸ਼ਿਤ ਕਰਨੇ ਸ਼ੁਰੂ ਕਰ ਦਿੱਤੇ। ਇਨ੍ਹਾਂ ਰਚਨਾਵਾਂ ਦਾ ਬੰਗਾਲ ਵਿੱਚ ਤਾਂ ਡੂੰਘਾ ਪ੍ਰਭਾਵ ਦੇਖਣ ਨੂੰ ਮਿਲਿਆ ਪਰ ਕੌਮੀ ਪੱਧਰ 'ਤੇ ਲੋਕਾਂ ਦਾ ਧਿਆਨ ਘੱਟ ਹੀ ਇਨ੍ਹਾਂ ਰਚਨਾਵਾਂ 'ਤੇ ਗਿਆ।**1883** ਵਿੱਚ ਉਨ੍ਹਾਂ ਦਾ ਵਿਆਹ **10** ਸਾਲਾ **ਮ੍ਰਣਾਲਿਨੀ ਦੇਵੀ** ਨਾਲ ਹੋ ਗਿਆ **(ਬਾਲ ਵਿਆਹ ਉਸ ਸਮੇਂ ਆਮ ਵਰਤਾਰਾ ਸੀ** )। ਇਸ ਵਿਆਹ ਤੋਂ ਉਨ੍ਹਾਂ ਦੇ 5 ਬੱਚੇ ਹੋਏ । ਜਿਨ੍ਹਾਂ ਵਿੱਚੋਂ ਦੋ ਬਚਪਨ ਵਿੱਚ ਹੀ ਮਰ ਗਏ।**1890** ਵਿੱਚ ਟੈਗੋਰ ਨੇ **ਸ਼ੀਲਾਈਡਾਹਾ (Shelaidaha)** ਜੋ ਕਿ ਅੱਜ ਬੰਗਲਾਦੇਸ਼ ਦਾ ਇੱਕ ਖੇਤਰ ਹੈ, ਵਿੱਚ ਆਪਣੇ ਪੁਰਖਿਆਂ ਦੀ ਜਾਇਦਾਦ ਦਾ ਪ੍ਰਬੰਧ ਦੇਖਣਾ ਸ਼ੁਰੂ ਕੀਤਾ। **1890** ਵਿੱਚ ਉਨ੍ਹਾਂ ਦੀ ਪਤਨੀ ਅਤੇ ਬੱਚੇ ਵੀ ਉੱਥੇ ਆ ਗਏ। **1890** ਵਿੱਚ ਉਨ੍ਹਾਂ ਨੇ ਆਪਣੀਆਂ ਸਭ ਤੋਂ ਮਸ਼ਹੂਰ ਰਚਨਾਵਾਂ ਵਿੱਚੋਂ ਇੱਕ ਰਚਨਾ **ਮਾਨਸੀ** ਨੂੰ ਪ੍ਰਕਾਸ਼ਿਤ ਕੀਤਾ। **1891 ਤੋਂ 1895** ਦੇ ਸਮੇਂ ਨੂੰ ਟੈਗੋਰ ਦਾ ਸਾਧਨਾ ਕਾਲ ਮੰਨਿਆ ਜਾਂਦਾ ਹੈ । ਇਸ ਸਮੇਂ ਦੌਰਾਨ ਉਨ੍ਹਾਂ ਨੇ **ਗਲਪਗੁੱਛੇ** ਦੇ **ਤਿੰਨ ਖੰਡਾਂ** ਵਿੱਚ **84** ਕਹਾਣੀਆਂ ਲਿਖੀਆਂ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿੱਚ ਬੰਗਾਲ ਦੇ ਗ਼ਰੀਬ ਪੇਂਡੂ ਲੋਕਾਂ ਦੀ ਤਰਸਯੋਗ ਅਤੇ ਭਿਆਨਕ ਤਸਵੀਰ ਗੰਭੀਰਤਾ ਨਾਲ ਪੇਸ਼ ਕੀਤੀ।

**1901** ਵਿੱਚ ਉਹ **ਸ਼ਾਂਤੀ ਨਿਕੇਤਨ** ਆ ਗਏ ਜਿੱਥੇ ਉਨ੍ਹਾਂ ਨੇ ਇੱਕ ਪ੍ਰਾਰਥਨਾ ਹਾਲ , ਮੰਦਰ, ਰੁੱਖਾਂ ਦੇ ਬਗੀਚੇ, ਪ੍ਰਯੋਗਾਤਮਕ ਸਕੂਲ ਅਤੇ ਇੱਕ ਲਾਇਬ੍ਰੇਰੀ ਦਾ ਨਿਰਮਾਣ ਕੀਤਾ। ਇੱਥੇ ਹੀ ਉਨ੍ਹਾਂ ਦੇ ਦੋ ਬੱਚਿਆਂ ਅਤੇ ਪਤਨੀ ਦੀ ਮੌਤ ਵੀ ਹੋ ਗਈ। 1905 ਵਿੱਚ ਹੀ ਉਨ੍ਹਾਂ ਦੇ ਪਿਤਾ ਜੀ ਦਾ ਵੀ ਦਿਹਾਂਤ ਹੋ ਗਿਆ । ਇਸੇ ਸਾਲ ਉਨ੍ਹਾਂ ਦੀ ਅਗਵਾਈ ਵਿਚ ਰਕਸ਼ਾ-ਬੰਦਨ ਉਤਸਵ ਤੋਂ ਹੀ **ਬੰਗਾਲ-ਭੰਗ ਅੰਦੋਲਨ** ਬੰਗਾਲ ਦੀ ਵੰਡ ਖਿਲਾਫ ਹੋਇਆ। ਬਾਅਦ ਵਿੱਚ ਇਹੀ ਅੰਦੋਲਨ ਭਾਰਤ ਵਿੱਚ ਸਵਦੇਸ਼ੀ ਅੰਦੋਲਨ ਦਾ ਸੂਤਰਧਾਰ ਬਣਿਆ। ਪਿਤਾ ਦੀ ਮੌਤ ਤੋਂ ਬਾਅਦ ਉਨ੍ਹਾਂ ਨੂੰ ਮਹੀਨਾ ਵਾਰ **ਤ੍ਰਿਪੁਰਾ ਦੇ ਮਹਾਰਾਜਾ** ਤੋਂ ਕੁਝ ਨਕਦੀ, ਪਰਿਵਾਰਕ ਗਹਿਣਿਆਂ ਦੀ ਵਿਕਰੀ ਤੋਂ ਆਮਦਨ , **ਪੁਰੀ** ਵਿੱਚ ਸਮੁੰਦਰੀ ਕਿਨਾਰੇ ਵਾਲੇ ਬੰਗਲੇ ਤੋਂ ਆਮਦਨ ਅਤੇ ਇੱਕ ਕਿਤਾਬ ਦੀ ਦੋ ਹਜ਼ਾਰ ਰੁਪਏ ਰਾਇਲਟੀ ਮਿਲਦੀ ਰਹੀ । ਉਨ੍ਹਾਂ ਨੂੰ ਬੰਗਾਲੀ ਅਤੇ ਵਿਦੇਸ਼ੀ ਪਾਠਕਾਂ ਦਾ ਇੱਕੋ ਜਿਹਾ ਪਿਆਰ ਪ੍ਰਾਪਤ ਹੋਇਆ।

International Journal of Research in Economics and Social Sciences(IJRESS)
Available online at: http://euroasiapub.org
Vol. 9 Issue 1, January- 2019
ISSN(o): 2249-7382 | Impact Factor: 6.939 |

**ਨਵੰਬਰ 1913** ਵਿੱਚ ਰਵਿੰਦਰ ਨਾਥ ਟੈਗੋਰ ਨੂੰ ਆਪਣੀ ਮਸ਼ਹੂਰ ਰਚਨਾ **ਗੀਤਾਂਜਲੀ** ਲਈ **ਨੋਬਲ ਪੁਰਸਕਾਰ** ਮਿਲਿਆ। **1915** ਵਿੱਚ ਬਰਤਾਨੀਆ ਦੇ **ਰਾਜੇ ਜਾਰਜ ਪੰਜਵੇਂ** ਦੇ ਜਨਮ ਦਿਨ ਦੇ ਸਮਾਗਮ ਵਿੱਚ ਉਨ੍ਹਾਂ ਨੂੰ **ਨਾਈਟਹੁੱਡ** ਦੀ ਉਪਾਧੀ ਦਿੱਤੀ ਗਈ। ਇਸ ਉਪਾਧੀ ਅਨੁਸਾਰ ਵਿਅਕਤੀ ਦੇ ਨਾਮ ਨਾਲ ਸਰ ਸ਼ਬਦ ਲਗਾਇਆ ਜਾਂਦਾ ਸੀ। ਪਰ ਉਨ੍ਹਾਂ ਨੇ **13 ਅਪ੍ਰੈਲ 1919** ਦੀ ਵਿਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਦੇ **ਜਲ੍ਹਿਆਂਵਾਲਾ ਬਾਗ਼** ਵਿੱਚ ਕੀਤੀ ਗਈ ਨਸਲਕੁਸ਼ੀ ਦੀ ਘੋਰ ਆਲੋਚਨਾ ਕਰਦੇ ਹੋਏ ਨਾਈਟਹੁੱਡ ਦੀ ਉਪਾਧੀ ਵਾਪਸ ਕਰ ਦਿੱਤੀ ਅਤੇ ਭਾਰਤ ਦੇ ਉਸ ਸਮੇਂ ਦੇ ਵਾਇਸਰਾਏ ਨੂੰ ਇੱਕ ਰੋਸ ਪੱਤਰ ਵੀ ਲਿਖਿਆ । **1919** ਵਿੱਚ ਹੀ ਉਹ **ਅੰਜੁਮਨ-ਏ-ਇਸਲਾਮੀਆਂ** ਦੇ ਚੇਅਰਮੈਨ **ਸਈਦ ਅਬਦੁੱਲ ਮਜ਼ੀਦ** ਦੇ ਸੱਦੇ 'ਤੇ ਪਹਿਲੀ ਵਾਰ **ਸਿੱਲਹਟ** ਗਏ ਜਿੱਥੇ ਉਨ੍ਹਾਂ ਦੇ ਸਮਾਗਮ ਵਿੱਚ 5000 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। **1921** ਵਿੱਚ ਟੈਗੋਰ ਅਤੇ ਖੇਤੀਬਾੜੀ ਅਰਥਸ਼ਾਸਤਰੀ **ਲਿਓਨਾਰਡ ਐਲਮਹਰਸਟ** ਨੇ ਆਸ਼ਰਮ ਦੇ ਨਜ਼ਦੀਕ **ਪਿੰਡ ਸੁਰੂਲ** ਵਿੱਚ **ਪੇਂਡੂ ਪੁਨਰ-ਨਿਰਮਾਣ ਸੰਸਥਾ** ਦੀ ਸਥਾਪਨਾ ਕੀਤੀ। ਬਾਅਦ ਵਿੱਚ ਇਸ ਦਾ ਨਾਮ **ਸ੍ਰੀ ਨਿਕੇਤਨ** ਜਾਂ **ਭਲਾਈ ਦਾ ਘਰ** ਰੱਖਿਆ ਗਿਆ। ਉਨ੍ਹਾਂ ਨੇ ਦੁਨੀਆਂ ਭਰ ਵਿੱਚ ਦਾਨ ਕਰਨ ਵਾਲਿਆਂ , ਅਧਿਕਾਰੀਆਂ ਅਤੇ ਵਿਦਵਾਨਾਂ ਤੋਂ ਦਾਨ ਇਕੱਠਾ ਕੀਤਾ ਤਾਂ ਜੋ ਪੇਂਡੂ ਲੋਕਾਂ ਦੇ ਜੀਵਨ ਨੂੰ ਬੇਵਸੀ ਅਤੇ ਅਗਿਆਨਤਾ ਦੇ ਚੁੰਗਲ ਵਿੱਚੋਂ ਜੀਵਨ-ਜਾਚ ਦੇ ਗਿਆਨ ਦੁਆਰਾ ਮੁਕਤ ਕੀਤਾ ਜਾ ਸਕੇ। **1930** ਵਿੱਚ ਉਨ੍ਹਾਂ ਨੇ ਜਾਤੀਵਾਦ ਅਤੇ ਛੂਤ -ਛਾਤ ਨੂੰ ਆਪਣਾ ਨਿਸ਼ਾਨਾ ਬਣਾਇਆ। ਉਨ੍ਹਾਂ ਨੇ ਛੂਤ -ਛਾਤ ਦੇ ਵਿਰੁੱਧ ਭਾਸ਼ਣ ਦਿੱਤੇ , ਆਪਣੀਆਂ ਕਵਿਤਾਵਾਂ , ਨਾਟਕਾਂ ਵਿੱਚ ਦਲਿਤ ਨਾਇਕਾਂ ਬਾਰੇ ਲਿਖਿਆ ਅਤੇ ਉਨ੍ਹਾ ਨੇ **ਗੁਰੂ ਵਯੂਰ ਮੰਦਰ** ਨੂੰ ਦਲਿਤਾਂ ਲਈ ਖੋਲ੍ਹਣ ਲਈ ਸਫਲਤਾਪੂਰਵਕ ਮੁਹਿੰਮ ਚਲਾਈ। **1932** ਤੋਂ **1941** ਤੱਕ ਦੇ ਟੈਗੋਰ ਦੇ ਜੀਵਨ ਅਤੇ ਰਚਨਾਵਾਂ ਨੂੰ **ਦੱਤਾ ਅਤੇ ਰੋਬਿਨਸਨ** ਪੱਥ ਪ੍ਰਦਰਸ਼ਕ ਦੇ ਤੌਰ ਉੱਤੇ ਦੇਖਦੇ ਹਨ। ਉਨ੍ਹਾਂ ਨੇ ਇਹ ਸਿੱਧ ਕਰਨ ਦਾ ਯਤਨ ਕੀਤਾ ਕਿ ਮਨੁੱਖਤਾ ਵਿੱਚਕਾਰ ਕੀਤੀਆਂ ਗਈਆਂ ਵੰਡਾਂ ਝੂਠੀਆਂ ਹਨ। ਮਈ **1932** ਵਿੱਚ ਉਨ੍ਹਾਂ ਨੇ **ਇਰਾਕੀ ਮਾਰੂਥਲ** ਵਿੱਚ **Bedouin ਡੇਰੇ** ਦੀ ਯਾਤਰਾ ਕੀਤੀ। ਇਸ ਕਬੀਲੇ ਦੇ ਮੁਖੀ ਨੇ ਉਨ੍ਹਾਂ ਨੂੰ ਦੱਸਿਆ ਕਿ ਸਾਡੇ ਨਬੀ ਨੇ ਕਿਹਾ ਹੈ , ਕਿ **"ਇੱਕ ਸੱਚਾ ਮੁਸਲਮਾਨ ਉਹ ਹੈ ਜਿਸ ਦੇ ਸ਼ਬਦਾਂ ਅਤੇ ਕਰਮ ਦੁਆਰਾ ਉਸਦੇ ਮਨੁੱਖ ਭਰਾਵਾਂ ਨੂੰ ਕਦੇ ਵੀ ਨੁਕਸਾਨ ਨਹੀਂ ਪਹੁੰਚਣਾ ਚਾਹੀਦਾ"**। ਟੈਗੋਰ ਨੇ ਇਸ ਸਬੰਧੀ ਆਪਣੀ ਡਾਇਰੀ ਵਿੱਚ ਲਿਖਿਆ ਹੈ ਕਿ ,**"ਮੈਂ ਉਨ੍ਹਾਂ ਦੇ ਸ਼ਬਦਾਂ ਵਿੱਚ ਮਨੁੱਖਤਾ ਦੀ ਆਵਾਜ਼ ਨੂੰ ਪਹਿਚਾਣਦਿਆਂ ਹੈਰਾਨਅਤੇ ਬਹੁਤ ਜ਼ਿਆਦਾ ਪ੍ਰਭਾਵਿਤ ਹੋਇਆ "**। ਇਸ ਤੋਂ ਪ੍ਰਭਾਵਿਤ ਹੋ ਕੇ ਹੀ ਉਨ੍ਹਾਂ ਨੇ ਕੱਟੜਤਾ ਦੇ ਕਾਰਨਾਂ ਦੀ ਪੜਤਾਲ ਕੀਤੀ ਅਤੇ **1934** ਵਿੱਚ ਇਸ ਦਾ ਵਿਰੋਧ ਵੀ ਕੀਤਾ। ਇਸੇ ਸਾਲ ਬਿਹਾਰ ਵਿੱਚ ਭੂਚਾਲ ਆਇਆ ਅਤੇ ਹਜ਼ਾਰਾਂ ਲੋਕ ਮਾਰੇ ਗਏ । ਗਾਂਧੀ ਜੀ ਨੇ ਇਸ ਨੂੰ ਕਰਮਾਂ ਦਾ ਫਲ ਅਤੇ ਦਲਿਤਾਂ

**International Journal of Research in Economics and Social Sciences(IJRESS)**
Available online at: http://euroasiapub.org
Vol. 9 Issue 1, January- 2019
ISSN(o): 2249-7382 | Impact Factor: 6.939 |

ਉੱਤੇ ਕੀਤੇ ਜਾ ਰਹੇ ਅੱਤਿਆਚਾਰਾਂ ਦਾ ਫਲ ਦੱਸਿਆ। ਪਰ ਟੈਗੋਰ ਨੇ ਉਨ੍ਹਾਂ ਦੀ ਇਸ ਪ੍ਰਤੀਕਿਰਿਆ ਦਾ ਵਿਰੋਧ ਕੀਤਾ। ਉਨ੍ਹਾਂ ਨੇ ਕਲਕੱਤਾ ਦੀ ਗਰੀਬੀ ਅਤੇ ਬੰਗਾਲ ਦੀ ਆਰਥਿਕ-ਸਮਾਜਿਕ ਗਿਰਾਵਟ 'ਤੇ ਸੋਗ ਪ੍ਰਗਟ ਕੀਤਾ।

ਆਪਣੇ ਅੰਤਿਮ ਸਮੇਂ ਦੌਰਾਨ ਉਨ੍ਹਾਂ ਨੇ ਵਿਗਿਆਨਵਾਦ ਵੱਲ ਧਿਆਨ ਕੇਂਦਰਿਤ ਕੀਤਾ । ਉਨ੍ਹਾਂ ਦੀ ਵਿਗਿਆਨ ਪ੍ਰਤੀ ਸ਼ਰਧਾ ਨੇ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਕੁਦਰਤਵਾਦ ਅਤੇ ਪ੍ਰਤੱਖਵਾਦ ਨੂੰ ਪ੍ਰਦਰਸ਼ਿਤ ਕੀਤਾ । ਉਨ੍ਹਾਂ ਨੇ ਆਖਰੀ ਪੰਜ ਸਾਲ ਦੋ ਭਾਗਾਂ ਵਿੱਚ ਬਹੁਤ ਗੰਭੀਰ ਦਰਦ ਅਤੇ ਬਿਮਾਰੀ ਵਿੱਚ ਗੁਜ਼ਾਰੇ । 1937 ਵਿੱਚ ਬਿਮਾਰੀ ਕਾਰਨ ਉਹ ਬੇਸੁੱਧ ਹੋ ਗਏ ਸਨ, ਪਰ ਥੋੜ੍ਹੇ ਸਮੇਂ ਬਾਅਦ ਉਹ ਸਿਹਤਯਾਬ ਵੀ ਹੋ ਗਏ ਸਨ। 1940 ਵਿੱਚ ਉਹ ਫਿਰ ਤੋਂ ਬਿਮਾਰ ਹੋ ਗਏ ਅਤੇ ਇਸ ਬਿਮਾਰੀ ਤੋਂ ਉਹ ਕਦੇ ਵੀ ਉਭਰ ਨਾ ਸਕੇ। ਜਿਸ ਦੇ ਨਤੀਜੇ ਵਜੋਂ **7 ਅਗਸਤ 1941** ਨੂੰ ਲੱਗਭਗ ਅੱਸੀ ਸਾਲ ਦੀ ਉਮਰ ਵਿੱਚ ਉਨ੍ਹਾਂ ਦਾ ਦਿਹਾਂਤ ਹੋ ਗਿਆ। ਇਸ ਤਰ੍ਹਾਂ ਉਸ ਮਹਾਨ ਸ਼ਖ਼ਸੀਅਤ ਦੇ ਜੀਵਨ ਦਾ ਅੰਤ ਹੋ ਗਿਆ।

ਉਨ੍ਹਾਂ ਦਾ ਜੀਵਨ ਇੱਕ ਵਿਸ਼ਾਲ ਅਨੁਭਵ ਵਾਲਾ ਅਤੇ ਗਿਆਨ ਭਰਪੂਰ ਸੀ ਉਨ੍ਹਾਂ ਨੇ ਆਪਣੇ ਜੀਵਨ -ਕਾਲ ਦੌਰਾਨ **5 ਮਹਾਂਦੀਪਾਂ ਦੇ 30 ਦੇਸ਼ਾਂ** ਦੀ ਯਾਤਰਾ ਵੀ ਕੀਤੀ । ਉਨ੍ਹਾਂ ਦੀ ਮੌਤ ਤੋਂ ਬਾਅਦ ਵੀ ਉਨ੍ਹਾਂ ਦੀਆਂ ਵੱਖ -ਵੱਖ ਰਚਨਾਵਾਂ ਦਾ ਅਨੁਵਾਦ ਅਲੱਗ -ਅਲੱਗ ਭਾਸ਼ਾਵਾਂ ਵਿੱਚ ਹੁੰਦਾ ਰਿਹਾ । ਉਨ੍ਹਾਂ ਨੇ ਨਾਟਕ , ਚਿੱਤਰਕਲਾ , ਕਵਿਤਾ , ਕਹਾਣੀਆਂ, ਲੇਖ ਆਦਿ ਕੋਈ ਖੇਤਰ ਨਹੀਂ ਛੱਡਿਆ , ਜਿਸ ਬਾਰੇ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿੱਚ ਗੱਲ ਨਾ ਕੀਤੀ ਹੋਵੇ। ਉਨ੍ਹਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਉਤੇ ਫ਼ਿਲਮਾਂਅਤੇ ਨਾਟਕ ਵੀ ਬਣੇ।ਇੱਥੇ ਵਿਸ਼ੇਸ਼ ਤੌਰ 'ਤੇ ਇਹ ਦੱਸਣਾ ਵੀ ਬਣਦਾ ਹੈ ਕਿ ਉਹ ਦੁਨੀਆਂ ਦੇ ਇਕਲੌਤੇ ਅਜਿਹੇ ਸਾਹਿਤਕਾਰ ਹਨ ਜਿਨ੍ਹਾਂ ਦੀਆਂ ਦੋ ਰਚਨਾਵਾਂ ਦੋ ਦੇਸ਼ਾਂ ਦੇ ਰਾਸ਼ਟਰੀ ਗੀਤ ਬਣੀਆਂ; ਭਾਰਤ ਦਾ ***ਜਨ ਗਣ ਮਨ*** ਅਤੇ **ਬੰਗਲਾ ਦੇਸ਼ ਦਾ *ਅਮਾਰ ਸੋਨਾਰ ਬਾਂਗਲਾ***/ ਉਨ੍ਹਾਂ ਨੇ ਆਪਣੇ ਜੀਵਨ ਦੌਰਾਨ ਅਨੇਕਾਂ ਰਚਨਾਵਾਂ ਲਿਖੀਆਂ ਜਿਨ੍ਹਾਂ ਨੂੰ ਹੇਠ ਲਿਖੇ ਅਨੁਸਾਰ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ:

## ਰਵਿੰਦਰਨਾਥਟੈਗੋਰ ਦੀਆਂ ਰਚਨਾਵਾਂ

1. **ਨਾਟਕ (Dramas):** (i) ਵਾਲਮਿਕੀ ਪ੍ਰਤਿਭਾ (ii) ਵਿਸਰਜਨ (iii) ਡਾਕਘਰ (iv) ਚੰਡਾਲੀਕਾ (v) ਰਕਤ ਕਾਰਾਬੀ (vi) ਚਿੱਤਰਗ਼ਾਗਾਂ (vii) ਸ਼ਿਆਮਾਂ (viii) ਮਿਆਰਖੇਲਾ (ix) ਮੁਕਤਧਾਰਾ ਆਦਿ।
2. **ਛੋਟੀਆਂ ਕਹਾਣੀਆਂ (Short Stories):** (i) ਭਿਖਾਰਨ (ii) ਗਲਪਗੁੱਛਾ ਵਿੱਚ 84 ਕਹਾਣੀਆਂ (iii) ਕਾਬੁਲੀ ਵਾਲਾ (iv) ਖਸੂ ਦਿੱਤਾਪਾਸ਼ਾਨ (v) ਅਤਿਥੀ ਆਦਿ।
3. **ਨਾਵਲ(Novels):** (i) ਸ਼ਹਿਸ਼ੀਰ ਕੋਵੀਤਾ (ii) ਚਾਰਉਦੇ (iv) ਨੋਕਾਡੂਬੀ (iv) ਘਾਰੇ ਬਾਰੇ ਆਦਿ।

International Journal of Research in Economics and Social Sciences(IJRESS)
Available online at: http://euroasiapub.org
Vol. 9 Issue 1, January- 2019
ISSN(o): 2249-7382 | Impact Factor: 6.939 |

4. **ਕਵਿਤਾਵਾਂ (Poetry):** (i) ਗੀਤਾਂਜਲੀ (ii) ਮਾਨਸੀ (iii) ਸੋਨਾਰ ਤਾਰੀ (iv) ਬਲਾਕਾ (v)ਗਿਤੀਮਾਲੀਆ ਆਦਿ।
5. **ਯਾਦਾਂ (Memories):** (i) ਜੀਵਨ ਸਿਮਰਤੀ (My Reminiscences) (ii) ਚਹੇਲੇ-ਬੇਲਾ (My Boyhood)
6. **ਰਾਸ਼ਟਰੀਗੀਤ (National Song):** (i) ਜਨ ਗਣ ਮਨ (ਭਾਰਤ) (ii) ਆਮਾਰ ਸੋਨਾਰ ਬਾਂਗਲਾ (ਬੰਗਲਾਦੇਸ਼)

ਉਪਰੋਕਤ ਤੋਂ ਇਲਾਵਾ ਉਨ੍ਹਾਂ ਨੇ ਅਨੇਕਾਂ ਲੇਖ ਵੀ ਲਿਖੇ ਅਤੇ ਕਈ ਚਿੱਤਰ ਵੀ ਬਣਾਏ।

**ਟੈਗੋਰ ਦੀ ਵਿਚਾਰਧਾਰਾ ਉੱਤੇ ਪੈਣ ਵਾਲੇ ਪ੍ਰਭਾਵ (Impact on Tagore's ideology):** ਹਰ ਇਨਸਾਨ ਕਿਸੇ ਨਾ ਕਿਸੇ ਤੋਂ ਪ੍ਰਭਾਵਿਤ ਜ਼ਰੂਰ ਹੁੰਦਾ ਹੈ। ਇਸੇ ਤਰ੍ਹਾਂ ਟੈਗੋਰ ਦੀ ਵਿਚਾਰਧਾਰਾ ਵੀ ਕਈ ਤੱਥਾਂ ਅਤੇ ਇਨਸਾਨਾਂ ਤੋਂ ਪ੍ਰਭਾਵਿਤ ਸੀ। ਟੈਗੋਰ ਦੀ ਵਿਚਾਰਧਾਰਾ ਉੱਤੇ ਸਭ ਤੋਂ ਪਹਿਲਾਂ ਪ੍ਰਭਾਵ ਉਨ੍ਹਾਂ ਦੇ ਪਿਤਾ **ਦੇਵੇਂਦਰ ਨਾਥ ਟੈਗੋਰ** ਦਾ ਪਿਆ। ਉਨ੍ਹਾਂ ਨੇ ਆਪਣੇ ਪਿਤਾ ਤੋਂ ਚਰਿੱਤਰ ਦੀ ਸ੍ਰੇਸ਼ਟਤਾ ਅਤੇ ਗੂੜ੍ਹੀ ਧਾਰਮਿਕ ਆਸਥਾ ਪ੍ਰਾਪਤ ਕੀਤੀ । ਜਿਸ ਨਾਲ ਉਨ੍ਹਾਂ ਨੇ ਆਪਣੇ ਵਿਚਾਰਾਂ ਵਿੱਚ ਜੀਵਨ ਦੀ ਏਕਤਾ ਅਤੇ ਬ੍ਰਹਮਾ ਦੀ ਸਰਬ ਵਿਆਪਕਤਾ ਨੂੰ ਹਾਸਿਲ ਕੀਤਾ । ਟੈਗੋਰ ਦੇ ਸਾਹਿਤ ਉੱਤੇ **ਵੈਸ਼ਨਵ ਕਵੀਆਂ** ਦਾ ਸਪੱਸ਼ਟ ਪ੍ਰਭਾਵ ਦਿਖਦਾ ਹੈ । ਟੈਗੋਰ ਵਿਗਿਆਨ ਦੇ ਖੇਤਰ ਵਿੱਚ **ਪੱਛਮੀ ਸੱਭਿਅਤਾ** ਦੁਆਰਾ ਕੀਤੀ ਗਈ ਉੱਨਤੀ ਤੋਂ ਪ੍ਰਭਾਵਿਤ ਸਨ ਅਤੇ ਇਸ ਨੂੰ ਉਨ੍ਹਾਂ ਨੇ ਮਾਨਵਤਾ ਕੇਂਦਰਿਤ ਪੱਛਮੀ ਸੱਭਿਅਤਾ ਦਾ ਯੋਗਦਾਨ ਦੱਸਿਆ। ਟੈਗੋਰ ਆਪਣੇ ਸਮੇਂ ਦੇ ਤਿੰਨ ਪ੍ਰਮੁੱਖ ਅੰਦੋਲ ਨਾਂ; **ਰਾਜਾ ਰਾਮ ਮੋਹਨ ਰਾਏ ਦੁਆਰਾ ਬ੍ਰਹਮੋ ਸਮਾਜ** ਜ਼ਰੀਏ ਕੀਤਾ ਗਿਆ **ਧਾਰਮਿਕ-ਸਮਾਜਿਕ ਸੁਧਾਰ ਅੰਦੋਲਨ**, **ਵਿਕਰਮ ਚੰਦਰ ਚੈਟਰਜੀ** ਦੁਆਰਾ ਸਾਹਿਤ ਦੇ ਖੇਤਰ ਵਿੱਚ ਕੀਤੀ ਗਈ ਕ੍ਰਾਂਤੀ ਅਤੇ **1857 ਦੇ ਵਿਦਰੋਹ** ਜਿਸ ਵਿੱਚ ਉਨ੍ਹਾਂ ਦਾ ਪਰਿਵਾਰ ਅਤੇ ਰਿਸ਼ਤੇਦਾਰ ਸ਼ਾਮਿਲ ਸਨ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਸਨ । ਇਨ੍ਹਾਂ ਪ੍ਰਭਾਵਾਂ ਦੇ ਕਾਰਨ ਉਨ੍ਹਾਂ ਵਿੱਚ ਅੰਧ -ਵਿਸ਼ਵਾਸਾਂ ਅਤੇ ਰੂੜੀਵਾਦੀਆਂ ਦੇ ਪ੍ਰਤੀ ਆਲੋਚਨਾਤਮਕ ਦ੍ਰਿਸ਼ਟੀਕੋਣ ਉਤਪੰਨ ਹੋਇਆ । ਉਨ੍ਹਾਂ ਉੱਤੇ ਯਾਤਰਾਵਾਂ ਦੌਰਾਨ ਪ੍ਰਾਪਤ ਕੀਤੇ ਗਏ ਅਨੁਭਵਾਂ ਦਾ ਵੀ ਪ੍ਰਭਾਵ ਪਿਆ। ਉਹ **ਵੈਦਿਕ ਗ੍ਰੰਥਾਂ** ਤੋਂ ਇਲਾਵਾ ਭਾਰਤ ਵਿੱਚ ਮੌਜੂਦ ਹੋਰ **ਧਾਰਮਿਕ ਗ੍ਰੰਥਾਂ** ਤੋਂ ਵੀ ਬਹੁਤ ਪ੍ਰਭਾਵਿਤ ਹੋਏ। ਉਸ ਸਮੇਂ ਦੀ ਭਾਰਤ ਦੀ **ਰਾਜਨੀਤਕ-ਆਰਥਿਕ ਅਤੇ ਸਮਾਜਿਕ ਦਸ਼ਾ** ਨੇ ਵੀ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ । ਅੰਤਰਰਾਸ਼ਟਰੀ ਪੱਧਰ ਉੱਤੇ ਵਾਪਰਨ ਵਾਲੀਆਂ ਘਟਨਾਵਾਂ ਦਾ ਪ੍ਰਭਾਵ ਉਨ੍ਹਾਂ ਉੱਤੇ ਪਿਆ। ਇਸ ਤੋਂ ਇਲਾਵਾ **ਬੰਗਾਲ ਦੀ ਵੰਡ ਭਾਰਤ ਦੇ ਆਜ਼ਾਦੀ ਅੰਦੋਲਨ ਦੀਆਂ ਘਟਨਾਵਾਂ** ਨੇ ਵੀ ਉਨ੍ਹਾਂ ਨੂੰ ਡੂੰਘੇ ਤੌਰ 'ਤੇ ਪ੍ਰਭਾਵਿਤ ਕੀਤਾ।

International Journal of Research in Economics and Social Sciences(IJRESS)
Available online at: http://euroasiapub.org
Vol. 9 Issue 1, January- 2019
ISSN(o): 2249-7382 | Impact Factor: 6.939 |

ਰਵਿੰਦਰ ਨਾਥ ਟੈਗੋਰ ਆਪਣੇ ਸਮੇਂ ਦੇ ਮਹਾਨ ਵਿਦਵਾਨ ਸਨ। ਉਨ੍ਹਾਂ ਨੇ ਬਹੁਤ ਸਾਰੀਆਂ ਰਚਨਾਵਾਂ ਮਨੁੱਖਤਾ ਦੀ ਝੋਲੀ ਪਾਈਆਂ। ਭਾਵੇਂ ਕਿ ਅਸੀਂ ਉਨ੍ਹਾਂ ਨੂੰ **ਪਲੈਟੋ** ਅਤੇ **ਅਰਸਤੂ** ਜਾਂ **ਮਿੱਲ** ਦੀ ਤਰ੍ਹਾਂ ਪੂਰਨ ਤੌਰ 'ਤੇ ਰਾਜਨੀਤਕ ਵਿਚਾਰਕ ਨਹੀਂ ਕਹਿ ਸਕਦੇ। ਪਰ ਫਿਰ ਵੀ ਉਨ੍ਹਾਂ ਦੀਆਂ ਵੱਖ -ਵੱਖ ਰਚਨਾਵਾਂ ਨੂੰ ਪੜ੍ਹ ਕੇ ਅਸੀਂ ਉਨ੍ਹਾਂ ਦੇ ਰਾਜਨੀਤਕ ਅਤੇ ਸਮਾਜਿਕ ਵਿਚਾਰਾਂ ਨੂੰ ਜਾਣ ਸਕਦੇ ਹਾਂ। ਉਨ੍ਹਾਂ ਦੇ ਰਾਜਨੀਤਕ ਵਿਚਾਰਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ :

1. **ਟੈਗੋਰ ਦੇ ਮਾਨਵਤਾਵਾਦੀ ਵਿਚਾਰ (Tagore's Humanistic Views):** ਟੈਗੋਰ ਦੀਆਂ ਰਚਨਾਵਾਂ ਵਿੱਚ ਵਿਅਕਤੀ ਅਤੇ ਸਰਬ ਵਿਆਪਕ ਸੱਤਾ ਵਿਚਕਾਰ ਤਾਲਮੇਲ ਦੀ ਮੂਲ ਭਾਵਨਾ ਪਾਈ ਜਾਂਦੀ ਹੈ, ਜੋ ਕਿ ਭਾਰਤੀ ਸੰਸਕ੍ਰਿਤੀ ਦਾ ਆਧਾਰ ਹੈ। ਟੈਗੋਰ ਦੇ ਮਨ ਵਿੱਚ ਕਿਰਿਆਤਮਕ ਸੁੰਦਰਤਾ ਪ੍ਰਤੀ ਵਿਸ਼ੇਸ਼ ਝੁਕਾਅ ਸੀ । ਟੈਗੋਰ ਨੇ ਵਿਸ਼ਵ ਅੱਗੇ **ਉਪਨਿਸ਼ਦਾਂ** ਦੇ ਸੱਚੇ ਅਰਥਾਂ ਨੂੰ ਉਜ਼ਾਗਰ ਕੀਤਾ। ਗੈਰ-ਕਿਰਿਆਤਮਕ ਜੀਵਨ ਅਤੇ ਸਥਿਰ ਵਿਚਾਰਧਾਰਾ, ਸੰਸਾਰ ਦੇ ਪ੍ਰਤੀ ਉਦਾਸੀਨਤਾ ਅਤੇ ਨਿਰਲੇਪਤਾ ਦੀ ਜਗ੍ਹਾ ਟੈਗੋਰ ਨੇ ਜੀਵਨ ਦੀ ਦ੍ਰਿੜ੍ਹਤਾ ਉੱਤੇ ਜ਼ੋਰ ਦਿੱਤਾ, ਜਿਸ ਨੂੰ ਉਨ੍ਹਾਂ ਨੇ **ਉਪਨਿਸ਼ਦਾਂ** ਤੋਂ ਪ੍ਰਾਪਤ ਕੀਤਾ।ਟੈਗੋਰ ਦੀਆਂ ਨਜ਼ਰਾਂ ਵਿੱਚ ਸੱਚ ਨੂੰ ਸੁੰਦਰਤਾ ਤੋਂ ਅਲੱਗ ਨਹੀਂ ਰੱਖਿਆ ਜਾ ਸਕਦਾ। ਟੈਗੋਰ ਦੀਆਂ ਰਚਨਾਵਾਂ ਬਹੁਤ ਜ਼ਿਆਦਾ ਨੈਤਿਕ ਅਤੇ ਮਾਨਵਤਾ ਦੇ ਪ੍ਰਤੀ ਉਨ੍ਹਾਂ ਦੇ ਪ੍ਰੇਮ ਨਾਲ ਭਰੀਆਂ ਹੋਈਆਂ ਹਨ। ਕਮਜ਼ੋਰ ਅਤੇ ਨਿਰਧਨ ਲੋਕਾਂ ਦੇ ਪ੍ਰਤੀ ਉਨ੍ਹਾਂ ਵਿੱਚ ਬਹੁਤ ਦਿਆ ਭਾਵਨਾ ਅਤੇ ਪ੍ਰੇਮ ਸੀ ਜੋ ਕਿ ਇਹ ਅੱਜ ਦੇ ਯੁੱਗ ਦੀ ਵੀ ਇੱਕ ਮਹੱਤਵਪੂਰਨ ਧਾਰਨਾ ਹੈ । ਟੈਗੋਰ ਦਿਆ, ਧਰਮ, ਨਿਆਂ, ਨੈਤਿਕਤਾ ਨੂੰ ਮਾਨਵਤਾਵਾਦ ਦਾ ਆਧਾਰ ਮੰਨਦੇ ਸਨ। ਇਸੇ ਲਈ ਹੀ ਉਨ੍ਹਾਂ ਨੇ ਰਾਸ਼ਟਰਵਾਦ ਦੀ ਧਾਰਨਾ ਦੀ ਥਾਂ ਮਾਨਵਵਾਦ ਦੀ ਧਾਰਨਾ ਨੂੰ ਪੇਸ਼ ਕੀਤਾ ਸੀ।
2. **ਟੈਗੋਰ ਦੇ ਸਿੱਖਿਆ ਪ੍ਰਣਾਲੀ ਸਬੰਧੀ ਵਿਚਾਰ (Tagore's Views on Education System):** ਰਵਿੰਦਰ ਨਾਥ ਟੈਗੋਰ ਨੇ ਇਸ ਗੱਲ ਨੂੰ ਮਹਿਸੂਸ ਕੀਤਾ ਕਿ ਸਿੱਖਿਆ ਪ੍ਰਣਾਲੀ ਜੋ ਉਸ ਸਮੇਂ ਪ੍ਰਚੱਲਿਤ ਸੀ ਵਿਦਿਆਰਥੀਆਂ ਨੂੰ ਸਮਾਜ ਅਤੇ ਪ੍ਰਕਿਰਤੀ ਤੋਂ ਦੂਰ ਕਰਦੀ ਹੈ ਅਤੇ ਭੇਦ -ਭਾਵਪੂਰਨ ਸਕੂਲੀ ਵਾਤਾਵਰਨ ਤਿਆਰ ਕਰਦੀ ਹੈ। ਉਨ੍ਹਾਂ ਨੇ **ਸ਼ਾਂਤੀ ਨਿਕੇਤਨ** ਵਿੱਚ ਇੱਕ ਸਕੂਲ ਖੋਲ੍ਹਣ ਦਾ ਨਿਰਣਾ ਲਿਆ, ਜਿਸ ਦਾ ਉਦੇਸ਼ ਸਿੱਖਿਆ ਨੂੰ ਇੱਕ ਪ੍ਰਭਾਵਸ਼ਾਲੀ ਹਥਿਆਰ ਬਣਾਉਣਾ ਅਤੇ ਆਨੰਦ -ਭਰਪੂਰ ਅਨੁਭਵਾਂ ਵਿੱਚ ਪਰਿਵਰਤਿਤ ਕਰਨਾ ਸੀ। ਟੈਗੋਰ ਨੇ ਸਿੱਖਿਆ ਸੰਸਥਾਵਾਂ ਦੀ ਪੇਂਡੂ ਵਿਧੀ ਉੱਤੇ ਜ਼ੋਰ ਦਿੱਤਾ ਜੋ ਕਿ ਪ੍ਰਾਚੀਨ ਕਾਲ ਦੀ ਜੰਗਲਾਂ

International Journal of Research in Economics and Social Sciences(IJRESS)
Available online at: http://euroasiapub.org
Vol. 9 Issue 1, January- 2019
ISSN(o): 2249-7382 | Impact Factor: 6.939 |

ਵਿੱਚ ਰਹਿ ਕੇ ਸਿੱਖਿਆ ਪ੍ਰਾਪਤ ਕਰਨ ਦਾ ਹੀ ਇੱਕ ਰੂਪ ਸੀ । ਉਨ੍ਹਾਂ ਨੇ ਇੱਕ ਤਰਕ ਪੇਸ਼ ਕੀਤਾ ਕਿ ਖੁੱਲ੍ਹੇ ਅਸਮਾਨ ਥੱਲੇ ਧਰਤੀ ਉੱਤੇ ਸਿੱਖਿਆ ਬੱਚਿਆਂ ਦੇ ਸਰੀਰਕ ਅਤੇ ਮਨ ਦੋਨਾਂ ਲਈ ਲਾਭਕਾਰੀ ਹਨ।

ਟੈਗੋਰ ਨੇ ਇਹ ਵੀ ਮਹਿਸੂਸ ਕੀਤਾ ਕਿ ਘੱਟ ਤੋਂ ਘੱਟ ਵਿਕਾਸਸ਼ੀਲ ਬੱਚਿਆਂ ਲਈ ਬਨਾਵਟੀ ਸ਼ਹਿਰੀ ਵਾਤਾਵਰਨ ਜੋ ਮੁੱਲਾਂ ਅਤੇ ਨੈਤਿਕ ਕਦਰਾਂ -ਕੀਮਤਾਂ ਦੇ ਪ੍ਰਤੀ ਗੈਰ -ਜ਼ਿੰਮੇਵਾਰੀ ਦਾ ਸਿੱਟਾ ਹੈ , ਇਕ ਦੁਸ਼ਮਣ ਸਮਾਨ ਹੈ। ਇਹ ਅਧਿਆਤਮਿਕ ਵਾਧੇ ਵਿੱਚ ਰੁਕਾਵਟ ਹੈ। ਉਨ੍ਹਾਂ ਨੇ ਸੋਚਿਆ ਕਿ ਇਸ ਲਈ ਖੁੱਲ੍ਹੀ ਹਵਾ ਵਿੱਚ ਬੱਚਿਆਂ ਨੂੰ ਪੜ੍ਹਾਇਆ ਜਾਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦਾ ਸੰਪਰਕ ਪ੍ਰਕਿਰਤੀ ਦੇ ਨਾਲ ਵਧਾਇਆ ਜਾ ਸਕੇ । ਸਿੱਖਿਆ ਨੂੰ ਗੈਰ-ਪਰੰਪਰਾਗਤਾ ਪ੍ਰਦਾਨ ਕਰਕੇ ਉਸ ਨੂੰ ਜ਼ਿਆਦਾ ਆਨੰਦਮਈ ਬਣਾਇਆ ਜਾ ਸਕਦਾਹੈ। ਇਸ ਸਿੱਖਿਆ ਪ੍ਰਣਾਲੀ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਸਿੱਖਿਆ ਨੂੰ ਸਸਤਾ ਬਣਾਇਆ ਜਾ ਸਕਦਾ ਹੈ । ਟੈਗੋਰ ਚਾਹੁੰਦੇ ਸਨ ਕਿ ਸਕੂਲ ਵਿੱਚ ਅਜਿਹਾ ਪ੍ਰਬੰਧ ਵੀ ਹੋਵੇ ਜਿਸ ਨਾਲ ਨੈਤਿਕ ਚਰਿੱਤਰ ਦਾ ਨਿਰਮਾਣ ਕਰਨ ਵਿੱਚ ਮਦਦ ਮਿਲ ਸਕੇ।

ਟੈਗੋਰ ਇਹ ਵੀ ਚਾਹੁੰਦੇ ਸਨ ਕਿ ਸਿੱਖਿਆ ਦੇਣ ਦੀ ਪ੍ਰਕਿਰਿਆ ਵਿੱਚ ਵੀ ਕੁਝ ਸੁਧਾਰ ਹੋਣੇ ਚਾਹੀਦੇ ਹਨ ਅਤੇ ਇਸ ਨੂੰ ਇਸ ਢੰਗ ਨਾਲ ਸਾਕਾਰ ਕੀਤਾ ਜਾਵੇ ਕਿ ਇਹ ਜ਼ਿਆਦਾ ਅਨੰਦਮਈ ਅਤੇ ਰਚਨਾਤਮਕ ਹੋਵੇ। ਇਸ ਮਹੱਤਵਪੂਰਨ ਸੁਧਾਰ ਲਈ ਟੈਗੋਰ ਨੇ ਅਜਿਹੀਆਂ ਰਿਹਾਇਸ਼ੀ ਸੰਸਥਾਵਾਂ ਦੀ ਲੋੜ ਨੂੰ ਮਹਿਸੂਸ ਕੀਤਾ ਜਿੱਥੇ ਅਧਿਆਪਕ ਅਤੇ ਵਿਦਿਆਰਥੀ ਇੱਕ ਦੂਜੇ ਨਾਲ ਰਹਿ ਸਕਣ ਅਤੇ ਆਪ ਸ ਵਿੱਚ ਵਿਅਕਤੀਗਤ ਸਬੰਧ ਸਥਾਪਿਤ ਕਰ ਸਕਣ। ਟੈਗੋਰ ਬ੍ਰਹਮਚਾਰੀ ਅਵਸਥਾ ਨੂੰ ਫਿਰ ਤੋਂ ਬਹਾਲ ਕਰਨਾ ਚਾਹੁੰਦੇ ਸਨ ਤਾਂ ਕਿ ਵਿਦਿਆਰਥੀਆਂ ਨੂੰ ਅਨੁਸ਼ਾਸਨ ਦੀ ਸਿੱਖਿਆ ਦਿੱਤੀ ਜਾ ਸਕੇ ਅਤੇ ਸਿੱਖਿਆ ਲਈ ਆਧਾਰ ਤਿਆਰ ਕੀਤਾ ਜਾ ਸਕੇ। ਟੈਗੋਰ ਦੀ ਯੋਜਨਾ ਵਿੱਚ ਅਨੁਸ਼ਾਸਨ ਅਤੇ ਰਿਹਾਇਸ਼ੀ ਪ੍ਰਣਾਲੀ ਇੱਕ ਦੂਸਰੇ ਦੇ ਪੂਰਕ ਹਨ । ਇਸ ਲਈ ਦੋਨਾਂ ਨੂੰ ਨਾਲ -ਨਾਲ ਚਲਾਇਆ ਜਾਣਾ ਚਾਹੀਦਾ ਹੈ । ਉਨ੍ਹਾਂ ਨੇ ਇਹ ਮਹਿਸੂਸ ਕੀਤਾ ਕਿ ਨੈਤਿਕ ਸਿੱਖਿਆ ਬੱਚਿਆਂ ਨੂੰ ਉਦੋਂ ਹੀ ਪ੍ਰਾਪਤ ਹੋ ਸਕਦੀ ਹੈ, ਜਦੋਂ ਉਨ੍ਹਾਂ ਨਾਲ ਰਹਿ ਰਹੇ ਅਧਿਆਪਕਾਂ ਦਾ ਵੀ ਨੈਤਿਕ ਚਰਿੱਤਰ ਉੱਚਾ ਹੋਵੇ।

ਉਨ੍ਹਾਂ ਨੇ ਇਹ ਵੀ ਮਹਿਸੂਸ ਕੀਤਾ ਕਿ ਚੰਗੇ ਜੀਵਨ ਦੇ ਨਿਰਮਾਣ ਕਾਲ ਵਿੱਚ ਵਿਦਿਆਰਥੀਆਂ ਨੂੰ ਸਾਧਾਰਨ ਪ੍ਰੇਸ਼ਾਨੀਆਂ ਬਾਰੇ ਨਹੀਂ ਦੱਸਣਾ ਚਾਹੀਦਾ ਕਿਉਂਕਿ ਹੇਠਲੇ ਚਰਿੱਤਰ ਵਾਲੇ ਵਿਅਕਤੀਆਂ ਦੇ ਕਾਰਜਾਂ ਦਾ ਵਿਦਿਆਰਥੀਆਂ ਦੀ ਮਾਨਸਿਕਤਾ ਉੱਤੇ ਬੁਰਾ ਪ੍ਰਭਾਵ ਪੈ ਸਕਦਾ ਹੈ ਅਤੇ ਉਨ੍ਹਾਂ ਵਿੱਚ ਅਪਵਿੱਤਰ ਅਤੇ ਅਣਉਚਿਤ ਇੱਛਾ ਉਜਾਗਰ ਹੋ ਸਕਦੀ ਹੈ । ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਜਿਹੀ ਸਿੱਖਿਆ ਦੇਣ ਉੱਤੇ ਜ਼ੋਰ

International Journal of Research in Economics and Social Sciences(IJRESS)
Available online at: http://euroasiapub.org
Vol. 9 Issue 1, January- 2019
ISSN(o): 2249-7382 | Impact Factor: 6.939 |

ਦਿੱਤਾ ਜੋ ਉਨ੍ਹਾਂ ਵਿੱਚ ਆਤਮਿਕ ਬਲ ਪੈਦਾ ਕਰ ਸਕੇ ਤਾਂ ਜੋ ਬਾਅਦ ਦੇ ਜੀਵਨ ਵਿੱਚ ਦੂਸਰਿਆਂ ਦੇ ਮਾੜੇ ਕਾਰਜਾਂ ਦਾ ਡੱਟ ਕੇ ਸਾਹਮਣਾ ਕਰ ਸਕਣ।

ਟੈਗੋਰ ਨੇ ਸਿੱਖਿਆ ਸੰਸਥਾਵਾਂ ਨੂੰ ਚਲਾਉਣ ਵਿੱਚ ਵਿਦਿਆਰਥੀਆਂ ਦੀ ਕਿਰਿਆਤਮਕ ਹਿੱਸੇਦਾਰੀ ਦਾ ਖੁੱਲ੍ਹ ਕੇ ਪੱਖ ਲਿਆ । ਉਨ੍ਹਾਂ ਅਨੁਸਾਰ ਇਹ ਕਿਰਿਆਤਮਕ ਹਿੱਸੇਦਾਰੀ ਵਿਦਿਆਰਥੀਆਂ ਦੀ ਊਰਜਾ ਦੀ ਨਿਕਾਸੀ ਅਤੇ ਉਨ੍ਹਾਂ ਦੇ ਚਰਿੱਤਰ ਦੇ ਬਹੁਪੱਖੀ ਵਿਕਾਸ ਵਿੱਚ ਸਹਾਈ ਸਿੱਧ ਹੋ ਸਕਦੀ ਹੈ। ਸੰਸਥਾ ਵਿੱਚ ਇੱਕ ਸਿਹਤਮੰਦ ਅਤੇ ਸੋਹਣੇ ਵਾਤਾਵਰਨ ਦਾ ਨਿਰਮਾਣ ਕਰ ਕੇ ਵਿਦਿਆਰਥੀਆਂ ਨੂੰ ਕਿਰਿਆਤਮਕ ਹਿੱਸੇਦਾਰੀ ਦਾ ਆਨੰਦ ਮਹਿਸੂਸ ਕਰਵਾਇਆ ਜਾ ਸਕਦਾ ਹੈ । ਵਿੱਦਿਅਕ ਰਿਹਾਇਸ਼ੀ ਸੰਸਥਾ ਚਲਾਉਣ ਦੀ ਜ਼ਿੰਮੇਵਾਰੀ ਵਿਦਿਆਰਥੀਆਂ ਵਿੱਚ ਆਪਣੇ-ਪਣ ਦਾ ਭਾਵ ਅਤੇ ਜ਼ਿੰਮੇਵਾਰੀ ਭਾਵ ਪੈਦਾ ਕਰਦੀ ਹੈ ਅਤੇ ਸੰਸਥਾ ਦੀ ਸੇਵਾ ਲਈ ਸਹਿਯੋਗੀ ਕੋਸ਼ਿਸ਼ਾਂ ਅਪਣਾਉਣਾ ਵੀ ਸਿਖਾਉਂਦੀ ਹੈ। ਸਿੱਖਿਆ ਸੰਸਥਾਵਾਂ ਦੇ ਇਨ੍ਹਾਂ ਆਦਰਸ਼ਾਂ ਨੂੰ ਸਾਕਾਰ ਕਰਨ ਲਈ ਟੈਗੋਰ ਨੇ ਸ਼ਾਂਤੀ ਨਿਕੇਤਨ ਵਿੱਚ **ਬ੍ਰਹਮਚਾਰੀ ਆਸ਼ਰਮ** ਦੀ ਸਥਾਪਨਾ ਕੀਤੀ । ਇਸੀ **ਸ਼ਾਂਤੀ ਨਿਕੇਤਨ** ਨੂੰ ਸਮੇਂ ਦੇ ਨਾਲ-ਨਾਲ ਯੂਨੀਵਰਸਿਟੀ ਵਿੱਚ ਤਬਦੀਲ ਕਰ ਦਿੱਤਾ ਗਿਆ।

3. **ਟੈਗੋਰ ਅਨੁਸਾਰ ਸਿੱਖਿਆ ਦੇ ਉਦੇਸ਼ (The Purpose of Education According to Tagore):** ਟੈਗੋਰ ਅਨੁਸਾਰ ਸਿੱਖਿਆ ਦਾ ਪਹਿਲਾ ਉਦੇਸ਼ ਮਨੁੱਖ ਦਾ ਸੰਪੂਰਨ ਪ੍ਰਾਕਿਰਤਕ ਵਿਕਾਸ ਕਰਨਾ ਹੋਣਾ ਚਾਹੀਦਾ ਹੈ। ਦੂਜਾ, ਵਿਦਿਆਰਥੀਆਂ ਨੂੰ ਆਪਣੇ ਆਪ ਨੂੰ ਵਿਅਕਤ ਕਰਨ, ਯੋਗਤਾ ਨੂੰ ਪਰਗਟ ਕਰਨ ਅਤੇ ਜੀਵਨ ਨੂੰ ਉੱਚ ਨੈਤਿਕ-ਚਰਿੱਤਰ ਅਨੁਸਾਰ ਜਿਊਣ ਯੋਗ ਬਣਾਉਣਾ ਹੋਣਾ ਚਾਹੀਦਾ ਹੈ। ਟੈਗੋਰ ਅਨੁਸਾਰ ਇਨ੍ਹਾਂ ਉਦੇਸ਼ਾਂ ਨੂੰ ਇੱਕ ਅਜਿਹੀ ਸਿੱਖਿਆ ਪ੍ਰਣਾਲੀ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ ਜਿੱਥੇ ਵਿਦਿਆਰਥੀਆਂ ਨੂੰ ਆਪਣੇ ਮਨੋ ਭਾਵਾਂ ਨੂੰ ਲਿਖ ਕੇ, ਸਰੀਰਕ ਕਲਾਵਾਂ ਦੁਆਰਾ ਪੇਸ਼ ਕਰਨ ਦਾ ਮੌਕਾ ਮਿਲਦਾ ਹੋਵੇ । ਜਿਵੇਂ ਚਿੱਤਰਕਾਰੀ ਸੰਗੀਤ ਅਤੇ ਨਾਚ ਦੁਆਰਾ।

ਲਲਿਤ ਕਲਾਵਾਂ ਦੀ ਸਿੱਖਿਆ ਨਾ ਸਿਰਫ ਭਾਵਨਾਤਮਕ ਯੋਗਤਾ ਨੂੰ ਵਿਕਸਿਤ ਕਰਦੀ ਹੈ , ਸਗੋਂ ਵਿਦਿਆਰਥੀਆਂ ਨੂੰ ਸ਼ਬਦਾਂ ਤੋਂ ਇਲਾਵਾ ਹੋਰ ਸਾਧਨਾਂ ਦੁਆਰਾ ਵੀ ਆਪਣੀਆਂ ਭਾਵਨਾਵਾਂ ਪੇਸ਼ ਕਰਨ ਵਿੱਚ ਮਦਦ ਕਰਦੀ ਹੈ। ਸਿੱਖਿਆ ਦਾ ਉਦੇਸ਼ ਸਿਰਫ ਤੱਥਾਂ ਨੂੰ ਇਕੱਠੇ ਕਰਨਾ ਹੀ ਨਹੀਂ ਸਗੋਂ ਮਨੁੱਖ ਨੂੰ ਸਮਝਣਾ ਅਤੇ ਖੁਦ ਨੂੰ ਦੂਸਰੇ ਮਨੁੱਖਾਂ ਦੇ ਸਮਝਣ ਯੋਗ ਬਣਾਉਣਾ ਹੈ। ਇਸ ਤੋਂ ਇਲਾਵਾ ਟੈਗੋਰ ਨੇ ਲਲਿਤ ਕਲਾਵਾਂ ਨੂੰ ਸਿੱਖਿਆ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਵਿੱਚ ਹੋਰ ਮਨੁੱਖੀ ਵਿਸ਼ਿਆਂ ਦੇ ਸਾਮਾਨ ਮਾਨਤਾ ਦਿੱਤੇ ਜਾਣ ਉੱਤੇ

International Journal of Research in Economics and Social Sciences(IJRESS)
Available online at: http://euroasiapub.org
Vol. 9 Issue 1, January- 2019
ISSN(o): 2249-7382 | Impact Factor: 6.939 |

ਜ਼ੋਰ ਦਿੱਤਾ। ਟੈਗੋਰ ਨੇ ਲਲਿਤ ਕਲਾ ਅਤੇ ਸੰਗੀਤ ਨੂੰ ਰਾਸ਼ਟਰੀ ਪੇਸ਼ਕਾਰੀ ਦਾ ਸਭ ਤੋਂ ਬੜਾ ਸਰੋਤ ਮੰਨਿਆ ਜਿਸ ਤੋਂ ਬਿਨਾਂ ਲੋਕ ਹਨੇਰੇ ਵਿੱਚ ਰਹਿੰਦੇ ਹਨ।

ਤੀਜਾ, ਸਿੱਖਿਆ ਵਿਦਿਆਰਥੀਆਂ ਨੂੰ ਇਸ ਯੋਗ ਬਣਾ ਸਕੇ ਕਿ ਉਹ ਖ਼ੁਦ ਗਿਆਨ ਨੂੰ ਉਜਾਗਰ ਕਰ ਸਕਣ ਜੋ ਕਿ ਸਿੱਖਿਆ ਸੰਸਥਾਵਾਂ ਦਾ ਪ੍ਰਮੁੱਖ ਕੰਮ ਹੈ । ਇਸ ਕਿਰਿਆਤਮਕ ਪ੍ਰਵਿਰਤੀ ਨਾਲ ਵਿਦਿਆਰਥੀਆਂ ਨੂੰ ਸੰਪਰਕ ਵਿੱਚ ਲਿਆਇਆ ਜਾਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਦੀ ਕ੍ਰਿਆਤਮਕ ਪ੍ਰਤਿਭਾ ਦਾ ਵਿਕਾਸ ਹੋ ਸਕੇ।

ਚੌਥਾ, ਸਥਾਨਕ ਲੋਕਾਂ ਦੀਆਂ ਸਮਾਜਿਕ -ਆਰਥਿਕ ਸਮੱਸਿਆਵਾਂ ਲਈ ਗਿਆਨ ਦੇ ਪ੍ਰਯੋਗ ਨੂੰ ਨਿਸਚਿਤ ਬਣਾਉਣਾ। ਇਸ ਲਈ ਉਨ੍ਹਾਂ ਨੇ ਕਿਹਾ ਕਿ ਸਿੱਖਿਆ ਸੰਸਥਾਵਾਂ ਨੂੰ ਸਥਾਨਕ ਲੋਕਾਂ ਦੀ ਸਮਾਜਿਕ , ਆਰਥਿਕ ਉੱਨਤੀ ਨਾਲ ਸੁਭਾਵਿਕ ਰੂਪ ਵਿੱਚ ਜੁੜਿਆ ਹੋਣਾ ਚਾਹੀਦਾ ਹੈ।

4. **ਟੈਗੋਰ ਦਾ ਪੇਂਡੂ ਪੁਨਰ -ਨਿਰਮਾਣ** (Tagore's Rural Reconstruction): ਟੈਗੋਰ ਅਨੁਸਾਰ ਸਿੱਖਿਆ ਦੇ ਉਦੇਸ਼ਾਂ ਵਿੱਚੋਂ ਇੱਕ ਉਦੇਸ਼ ਹੈ ਕਿ ਕਿਸੇ ਵੀ ਸਿੱਖਿਆ ਸੰਸਥਾ ਤੋਂ ਪ੍ਰਾਪਤ ਗਿਆਨ ਦਾ ਪ੍ਰਯੋਗ ਸਥਾਨਕ ਲੋਕਾਂ ਦਾ ਭੌਤਿਕ ਕਲਿਆਣ ਲਈ ਕਰਨਾ। ਉਨ੍ਹਾਂ ਨੇ ਸੰਸਥਾਵਾਂ ਅਤੇ ਅਤੇ ਨੇੜੇ ਤੇੜੇ ਦੇ ਪਿੰਡਾਂ ਦੀ ਸਮਾਜਿਕ -ਆਰਥਿਕ ਵਿਵਸਥਾ ਵਿਚਕਾਰ ਸੰਭਾਵਿਤ ਸੰਬੰਧਾਂ ਬਾਰੇ ਵੀ ਵਿਚਾਰ ਕੀਤਾ । ਇਸੇ ਅਨੁਸਾਰ ਉਨ੍ਹਾਂ ਨੇ **ਲਿਓਨਾਦ ਐੱਮਹਾਸਟ (ਇੱਕ ਅੰਗਰੇਜ਼ ਵਿਦਵਾਨ )** ਦੀ ਸਹਾਇਤਾ ਨਾਲ ਸ਼ਾਂਤੀ ਨਿਕੇਤਨ ਵਿੱਚ **ਪੇਂਡੂ ਕਲਿਆਣ ਵਿਭਾਗ (ਸ੍ਰੀ ਨਿਕੇਤਨ)** ਸਥਾਪਿਤ ਕੀਤਾ। ਇਸ ਵਿਭਾਗ ਨੇ ਨੇੜੇ-ਤੇੜੇ ਦੇ ਪਿੰਡਾਂ ਵਿੱਚ ਪੇਂਡੂ ਪੁਨਰ-ਨਿਰਮਾਣ ਦਾ ਕੰਮ ਕੀਤਾ । ਇਸ ਯੋਜਨਾ ਲਈ ਆਰਥਿਕ ਸਹਾਇਤਾ ਵੀ ਲਿਓਨਾਦ ਨੇ ਹੀ ਇਕੱਠੀ ਕੀਤੀ । ਉਸ ਨੇ ਯੋਜਨਾ ਅਧੀਨ ਕੀਤੇ ਜਾ ਰਹੇ ਕੰਮਾਂ ਉੱਤੇ ਵੀ ਨਜ਼ਰ ਰੱਖੀ।

ਪੇਂਡੂ ਪੁਨਰ-ਨਿਰਮਾਣ ਦੇ ਕੰਮ ਨੂੰ ਦੇਖਦੇ ਹੋਏ ਟੈਗੋਰ ਨੇ ਦੋ ਗੱਲਾਂ ਉੱਤੇ ਜ਼ੋਰ ਦਿੱਤਾ । ਪਹਿਲਾਂ, ਕਿ ਇਨ੍ਹਾਂ ਕੰਮਾਂ ਨੂੰ ਪੂਰਾ ਕਰਨ ਲਈ ਬਾਹਰੀ ਵਿਅਕਤੀਆਂ ਦੀ ਸਹਾਇਤਾ ਨਹੀਂ ਲਈ ਜਾਣੀ ਚਾਹੀਦੀ । ਦੂਜਾ, ਪੇਂਡੂ ਸਮੱਸਿਆਵਾਂ ਨੂੰ ਸਮਾਪਤ ਕਰਨ ਲਈ ਸਮੇਂ ਅਨੁਸਾਰ ਦ੍ਰਿਸ਼ਟੀਕੋਣ ਅਪਣਾਇਆ ਜਾਣਾ ਚਾਹੀਦਾ ਹੈ। ਇਸ ਨੂੰ ਸਿਰਫ ਗਿਆਨ ਦੁਆਰਾ ਹੀ ਨਹੀਂ ਸਗੋਂ ਸਰੀਰਕ ਕਿਰਤ ਅਤੇ ਪੇਂਡੂ ਮਜ਼ਦੂਰਾਂ ਦੀ ਭਾਵਨਾਤਮਕ ਹਿੱਸੇਦਾਰੀ ਦੁਆਰਾ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ । ਇਸ ਵਿਕੇਂਦਰਿਤ ਯੋਜਨਾ ਨੂੰ ਬਾਅਦ ਵਿੱਚ ਸਮੂਹਿਕ ਵਿਕਾਸ ਯੋਜਨਾ ਨੇ ਜ਼ਰੂਰ ਪ੍ਰਭਾਵਿਤ ਕੀਤਾ ਹੋਵੇਗਾ।

5. **ਟੈਗੋਰ ਦੇ ਰਾਜ ਸਬੰਧੀ ਵਿਚਾਰ** (Tagore's views on the State): ਟੈਗੋਰ ਦਾ ਰਾਜ ਅਤੇ ਉਸ ਦੀਆਂ ਸੰਸਥਾਵਾਂ ਵਿੱਚ ਪੂਰਨ ਵਿਸ਼ਵਾਸ ਸੀ ਅਤੇ ਉਹ ਰਾਜ ਦੇ ਪ੍ਰਭਾਵ ਨੂੰ ਘੱਟ ਕੀਤੇ ਜਾਣ ਦੇ ਪੱਖ ਵਿੱਚ ਸਨ। ਉਨ੍ਹਾਂ ਅਨੁਸਾਰ ਮਨੁੱਖ ਵਿਕਾਸ ਕੇਵਲ ਰਾਜਨੀਤਿਕ ਕੰਮਾਂ ਦੇ ਦੁਆਰਾ ਹੀ ਸੁਨਿਸ਼ਚਿਤ ਨਹੀਂ ਕੀਤਾ ਜਾ ਸਕਦਾ । ਟੈਗੋਰ ਦਾ ਮੰਨਣਾ ਸੀ ਕਿ ਰਾਜ ਦੁਆਰਾ ਜਨਤਾ ਨੂੰ ਸ਼ਕਤੀ ਅਤੇ ਪ੍ਰੇਰਣਾ ਦਿੱਤੀ ਜਾਣੀ ਚਾਹੀਦੀ ਹੈ ਪਰ ਰਾਜ ਨੂੰ ਉਨ੍ਹਾਂ ਦੇ ਕੰਮਾਂ ਨੂੰ ਆਪਣੇ ਉੱਪਰ ਨਹੀਂ ਲੈਣਾ ਚਾਹੀਦਾ ਜਿਨ੍ਹਾਂ ਕੰਮਾਂ ਦੀ ਜ਼ਿੰਮੇਵਾਰੀ ਜਨਤਾ ਦੀ ਹੈ।

ਟੈਗੋਰ ਪ੍ਰਾਚੀਨ ਭਾਰਤ ਵਿੱਚ ਮੌਜੂਦ ਵਿਵਸਥਾ ਦੇ ਪ੍ਰਸ਼ੰਸਕ ਸਨ ਜਿਸ ਵਿੱਚ ਰਾਜ ਉੱਤੇ ਜ਼ਿਆਦਾ ਭਾਰ ਪਾਏ ਬਿਨਾਂ ਜਨਤਾ ਆਪ ਹੀ ਸਮਾਜ ਦੇ ਕਲਿਆਣ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੀ ਸੀ । ਇਸ ਤਰ੍ਹਾਂ ਉਨ੍ਹਾਂ ਨੇ ਰਾਜ ਅਤੇ ਸਮਾਜ ਵਿਚਕਾਰ ਅੰਤਰ ਸਪੱਸ਼ਟ ਕੀਤਾ ਅਤੇ ਸਮਾਜ ਨੂੰ ਰਾਜ ਦੀ ਤੁਲਨਾ ਵਿੱਚ ਜ਼ਿਆਦਾ ਮਹੱਤਵ ਦਿੱਤਾ।

6. **ਟੈਗੋਰ ਦੇ ਮਾਨਵ ਅਧਿਕਾਰਾਂ ਸਬੰਧੀ ਵਿਚਾਰ** (Tagore's Views on Human Rights): ਟੈਗੋਰ ਇੱਕ ਮਾਨਵਤਾਵਾਦੀ ਵਿਦਵਾਨ ਸਨ। ਇਸ ਲਈ ਉਹ ਮਾਨਵ ਅਧਿਕਾਰਾਂ ਦੇ ਪੱਕੇ ਹਮਾਇਤੀ ਸਨ । ਉਹ ਆਪਣੇ ਅਧਿਕਾਰਾਂ ਲਈ ਪ੍ਰਾਰਥਨਾ ਪੱਤਰ ਦੇਣ ਅਤੇ ਬੇਨਤੀਆਂ ਕਰਨ ਦੇ ਵਿਰੁੱਧ ਸਨ । ਉਨ੍ਹਾਂ ਦਾ ਮੰਨਣਾ ਸੀ ਕੇ ਅਧਿਕਾਰ ਰਚਨਾਤਮਕ ਕਸ਼ਟ ਅਤੇ ਧੀਰਜ ਨਾਲ ਆਤਮ ਤਿਆਗ ਕਰਕੇ ਆਪਣੇ ਲਈ ਪੈਦਾ ਕੀਤੇ ਜਾਣੇ ਚਾਹੀਦੇ ਹਨ। ਉਹ ਅਧਿਕਾਰਾਂ ਦਾ ਸਬੰਧ ਆਤਮਾ ਨਾਲ ਮੰਨਦੇ ਸਨ । ਉਨ੍ਹਾਂ ਦਾ ਮੰਨਣਾ ਸੀ ਕਿ ਆਤਮਕ ਬਲ ਦੁਆਰਾ ਹੀ ਤਿਆਗ ਕੀਤਾ ਜਾ ਸਕਦਾ ਹੈ ਤੇ ਆਤਮਿਕ ਤੌਰ 'ਤੇ ਹੀ ਅਧਿਕਾਰਾਂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।

7. **ਟੈਗੋਰ ਦੇ ਸਵਰਾਜ ਸਬੰਧੀ ਵਿਚਾਰ** (Tagore's Views on Sawraj): ਟੈਗੋਰ ਇੱਕ ਮਹਾਨ ਸਵਰਾਜਵਾਦੀ ਸਨ। ਉਨ੍ਹਾਂ ਨੇ ਸਵਰਾਜ ਸਬੰਧੀ ਆਪਣੇ ਵਿਆਪਕ ਵਿਚਾਰ ਪੇਸ਼ ਕੀਤੇ । ਉਨ੍ਹਾਂ ਦਾ ਮੰਨਣਾ ਸੀ ਕਿ ਭਾਰਤ ਵਿੱਚ ਸਵਰਾਜ ਦੀਆਂ ਨੀਂਹਾਂ ਜਨਤਾ ਦੀ ਆਤਮ ਨਿਰਭਰਤਾ , ਮਾਨਵਵਾਦ ਅਤੇ ਉਨ੍ਹਾਂ ਨੂੰ ਦਿੱਤੇ ਜਾਣ ਵਾਲੇ ਨਿਆਂ ਉੱਤੇ ਨਿਰਭਰ ਕਰਦੀਆਂ ਹਨ। ਉਨ੍ਹਾਂ ਦਾ ਵਿਸ਼ੇਸ਼ ਰੂਪ ਵਿੱਚ ਇਹ ਮੰਨਣਾ ਸੀ ਕਿ ਪਿੰਡਾਂ ਦੀ ਆਤਮ ਨਿਰਭਰਤਾ ਉੱਤੇ ਹੀ ਦੇਸ਼ ਦਾ ਭਵਿੱਖ ਨਿਰਭਰ ਕਰਦਾ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਰਾਜ ਦਾ ਭਲਾ ਤਾਂ ਹੀ ਸੰਭਵ ਹੈ ਜਦ ਦੇਸ਼ ਦੀ ਦੱਬੀ ਹੋਈ ਜਨਤਾ ਵਿੱਚ ਆਸ ਦੀ ਕਿਰਨ ਜਾਗ੍ਰਿਤ ਹੋਵੇ। ਇਸ ਤਰ੍ਹਾਂ ਉਨ੍ਹਾਂ ਦੀ ਸਵਰਾਜ ਦੀ ਧਾਰਨਾ ਪੇਂਡੂ ਵਿਕਾਸ ਅਤੇ ਪੇਂਡੂ ਆਤਮ-ਨਿਰਭਰਤਾ 'ਤੇ ਆਧਾਰਿਤ ਸੀ।

International Journal of Research in Economics and Social Sciences(IJRESS)
Available online at: http://euroasiapub.org
Vol. 9 Issue 1, January- 2019
ISSN(o): 2249-7382 | Impact Factor: 6.939 |

**8. ਟੈਗੋਰ ਦਾ ਰਾਸ਼ਟਰਵਾਦ ਅਤੇ ਅੰਤਰਰਾਸ਼ਟਰਵਾਦ ਜਾਂ ਰਾਸ਼ਟਰਵਾਦ ਦੀ ਆਲੋਚਨਾ (Tagore's Nationalism and Internationalism or Critique of Nationalism):** ਟੈਗੋਰ ਇੱਕ ਰਾਸ਼ਟਰਵਾਦੀ ਹੋਣ ਦੇ ਨਾਲ -ਨਾਲ ਇੱਕ ਅੰਤਰ -ਰਾਸ਼ਟਰਵਾਦੀ ਵੀ ਸਨ। ਉਹ ਸੋੜੇ ਰਾਸ਼ਟਰਵਾਦ ਵਿੱਚ ਵਿਸ਼ਵਾਸ ਨਹੀਂ ਕਰਦੇ ਸਨ ਸਗੋਂ ਉਨ੍ਹਾਂ ਦਾ ਵਿਸ਼ਵਾਸ ਵਿਸ਼ਵ ਭਾਈਚਾਰੇ ਵਿੱਚ ਸੀ । ਉਹ ਸਾਮਰਾਜਵਾਦ ਨਾਲ ਘ੍ਰਿਣਾ ਕਰਦੇ ਸਨ। ਇਸੇ ਲੜੀ ਵਿਚ ਉਨ੍ਹਾਂ ਨੇ ਅੰਗਰੇਜ਼ਾਂ ਦੇ ਵਿਵਹਾਰ ਤੋਂ ਤੰਗ ਹੋ ਕੇ ਸਵਦੇਸ਼ੀ ਭੰਡਾਰ ਸ਼ੁਰੂ ਕੀਤਾ। ਜਿਸ ਦਾ ਉਦੇਸ਼ ਸਿਰਫ ਭਾਰਤ ਦੇ ਉਦਯੋਗਾਂ ਅਤੇ ਕਲਾ ਦੇ ਪ੍ਰਦਰਸ਼ਨ ਨੂੰ ਉਤਸ਼ਾਹ ਦੇਣਾ ਸੀ। ਉਹ ਰਾਸ਼ਟਰਵਾਦ ਦਾ ਅਰਥ, ਕਿਸੇ ਵੀ ਵਿਅਕਤੀ ਦੁਆਰਾ ਆਪਣੇ ਦੇਸ਼ ਦੀ ਸੱਭਿਅਤਾ , ਸੰਸਕ੍ਰਿਤੀ, ਕਲਾ, ਸੰਗੀਤ, ਸਾਹਿਤ, ਅਤੇ ਪੂਰਵਜਾਂ ਦੀਆਂ ਗੌਰਵਮਈ ਪਰੰਪਰਾਵਾਂ ਪ੍ਰਤੀ ਸ਼ਰਧਾ ਪੂਰਨ ਸਮਰਪਣ ਨੂੰ ਮੰਨਦੇ ਸਨ।

ਟੈਗੋਰ ਅਧਿਆਤਮਿਕ ਮਾਨਵਵਾਦ ਦੀ ਧਾਰਨਾ ਦੇ ਪ੍ਰਸ਼ੰਸਕ ਸਨ । ਉਹ ਰਾਸ਼ਟਰਵਾਦ ਦੇ ਉਸ ਰੂਪ ਨੂੰ ਅਸਵੀਕਾਰ ਕਰਦੇ ਸਨ ਜਿਸ ਵਿੱਚ ਸਮਾਜਿਕ ਸੰਘਰਸ਼ , ਜਾਤੀ ਕਠੋਰਤਾ , ਧਾਰਮਿਕ ਪਾਗਲਪਨ , ਰਾਜਨੀਤਿਕ ਸੌੜਾਪਣ ਅਤੇ ਸੰਪ੍ਰਦਾਇਕਤਾ ਫੈਲਦੀ ਹੋਵੇ। ਇਨ੍ਹਾਂ ਕਾਰਨਾਂ ਕਰਕੇ ਹੀ ਉਹ ਖਿਲਾਫ਼ਤ ਅੰਦੋਲਨ ਦੇ ਵਿਰੁੱਧ ਸਨ। ਉਹ ਵਿਸ਼ਵ ਭਰਾਤਰੀ ਭਾਵ ਦੀ ਭਾਵਨਾ ਨਾਲ ਭਰੇ ਹੋਏ ਇੱਕ ਸੱਚੇ ਅੰਤਰਰਾਸ਼ਟਰਵਾਦੀ ਸਨ। ਉਨ੍ਹਾਂ ਨੇ ਇੱਕ ਵਿਸ਼ਵ ਸਰਕਾਰ ਦੀ ਕਲਪਨਾ ਕੀਤੀ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਜੇਕਰ ਪੂਰਬੀ ਅਤੇ ਪੱਛਮੀ ਸੱਭਿਅਤਾਵਾਂ ਨੂੰ ਮਿਸ਼ਰਤ ਕਰ ਦਿੱਤਾ ਜਾਵੇ ਤਾਂ ਵਿਸ਼ਵ ਸਾਂਤੀ , ਵਿਸ਼ਵ ਏਕਤਾ ਅਤੇ ਵਿਸ਼ਵ ਸਰਕਾਰ ਦੀ ਸਥਾਪਨਾ ਸੰਭਵ ਹੈ। ਆਪਣੀ ਇਸ ਆਦਰਸ਼ਵਾਦੀ ਕਲਪਨਾ ਨੂੰ ਸਾਕਾਰ ਕਰਨ ਲਈ ਹੀ ਉਨ੍ਹਾਂ ਨੇ **ਵਿਸ਼ਵ ਭਾਰਤੀ** ਦੀ ਨੀਂਹ ਰੱਖੀ। ਅੰਤ ਵਿੱਚ ਟੈਗੋਰ ਦਾ ਇਹ ਸੁਪਨਾ ਸੰਯੁਕਤ ਰਾਸ਼ਟਰ ਸੰਘ ਦੇ ਰੂਪ ਵਿੱਚ ਵਿਸ਼ਵ ਮੰਚ ਉੱਤੇ ਉੱਭਰਿਆ।

ਟੈਗੋਰ ਦਾ ਵਿਚਾਰ ਸੀ ਕਿ ਹਰੇਕ ਦੇਸ਼ ਅਤੇ ਵਿਅਕਤੀ ਨੂੰ ਆਪਣੇ ਗੌਰਵਸ਼ਾਲੀ ਵਿਅਕਤੀਤਵ ਦੇ ਵਿਕਾਸ ਦੇ ਲਈ ਕੁਝ ਨਾ ਕੁਝ ਅਧਿਕਾਰ ਮਿਲਣੇ ਚਾਹੀਦੇ ਹਨ ਅਤੇ ਉਨ੍ਹਾਂ ਵਿੱਚ ਇੰਨੀ ਸਮਰੱਥਾ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਅਧਿਕਾਰਾਂ ਦੇ ਲਈ ਲੜ ਸਕਣ। ਉਨ੍ਹਾਂ ਦਾ ਮੰਨਣਾ ਸੀ ਕਿ ਰਾਸ਼ਟਰ ਨੂੰ ਰਾਜ ਦੀ ਜਨਤਾ ਦੇ ਹਿੱਤ ਵਿੱਚ ਕੰਮ ਕਰਨਾ ਚਾਹੀਦਾ ਹੈ।

ਟੈਗੋਰ ਦਾ ਸੁਪਨਾ ਸੀ ਕਿ ਅੰਤਰਰਾਸ਼ਟਰਵਾਦ ਦੇ ਜ਼ਰੀਏ ਵਿਸ਼ਵ ਦੀਆਂ ਵੱਖ -ਵੱਖ ਸੰਸਕ੍ਰਿਤੀਆਂ ਦਾ ਸੰਗਮ ਕਰਕੇ ਇੱਕ ਅਜਿਹੀ ਨਵੀਂ ਸੰਸਕ੍ਰਿਤੀ ਦੀ ਧਾਰਾ ਪ੍ਰਵਾਹਿਤ ਕੀਤੀ ਜਾਵੇ ਜੋ ਸਾਰਿਆਂ ਲਈ ਪੂਜਨੀਕ

International Journal of Research in Economics and Social Sciences(IJRESS)
Available online at: http://euroasiapub.org
Vol. 9 Issue 1, January- 2019
ISSN(o): 2249-7382 | Impact Factor: 6.939 |

ਹੋਵੇ ਅਤੇ ਵਿਸ਼ਵ ਮਾਨਵਤਾ ਦੇ ਪੂਰਨ ਵਿਕਾਸ ਵਿੱਚ ਸਹਾਇਕ ਸਿੱਧ ਹੋਵੇ । ਇਸ ਤਰ੍ਹਾਂ ਟੈਗੋਰ ਨੇ ਆਪਣੀ ਅੰਤਰਰਾਸ਼ਟਰਵਾਦ ਵਿੱਚ ਮਨੁੱਖ ਦੀ ਸਰਵਵਿਆਪਕ ਸੱਤਾ ਨੂੰ ਕੇਂਦਰੀ ਸੱਚ ਦੇ ਰੂਪ ਵਿੱਚ ਸਥਾਪਿਤ ਕੀਤਾ। ਜਿਸ ਦਾ ਸਰੂਪ ਸ਼ੁੱਧ ਰੂਪ ਵਿੱਚ ਸੰਸਕ੍ਰਿਤਕ ਅਤੇ ਅਧਿਆਤਮਕ ਹੈ।

ਟੈਗੋਰ ਮਾਨਵਤਾ ਦੇ ਪੁਜਾਰੀ ਸਨ। ਉਨ੍ਹਾਂ ਦੇ ਵਿਚਾਰਾਂ ਦੀ ਸੰਵੇਦਨਾ ਪੂਰੇ ਵਿਸ਼ਵ ਦੀ ਮਾਨਵ ਜਾਤੀ ਦੇ ਪ੍ਰਤੀ ਇੱਕ ਸਮਾਨ ਸੀ, ਭਾਵ ਉਹ ਪੱਖਪਾਤ ਦੀ ਭਾਵਨਾ ਤੋਂ ਦੂਰ ਸਨ। ਉਹ ਆਪਣੇ ਰਾਸ਼ਟਰ ਭਾਰਤ ਨੂੰ ਦਿਲ ਦੀ ਗਹਿਰਾਈਆਂ ਤੋਂ ਪਿਆਰ ਕਰਦੇ ਸਨ ਅਤੇ ਭਾਰਤ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਉਨ੍ਹਾਂ ਨੂੰ ਸੂਲਾਂ ਦੀ ਤਰ੍ਹਾਂ ਬਿੰਨਦੀਆਂ ਸਨ ਪਰ ਨਾਲ ਹੀ ਉਨ੍ਹਾਂ ਨੂੰ ਵਿਸ਼ਵ ਦੀ ਕਿਸੀ ਜਾਤੀ ਦੁਆਰਾ ਕਿਸੇ ਦੂਸਰੀ ਜਾਤੀ ਦਾ ਅਪਮਾਨ ਵੀ ਬਰਦਾਸ਼ ਨਹੀਂ ਸੀ। ਟੈਗੋਰ ਇਸ ਮਾਨਤਾ ਦੇ ਕਾਇਲ ਸਨ ਜਿਸ ਵਿੱਚ ਮਨੁੱਖ ਦੀ ਖੁਸ਼ਹਾਲ ਅਤੇ ਗੌਰਵਪੂਰਨ ਹੋਂਦ ਦੀ ਭਾਵਨਾ ਸਰਬ ਉੱਚ ਹੈ। ਉਹ ਭਾਵਨਾਤਮਕ ਪੱਧਰ ਉੱਤੇ ਆਪਣੇ ਦੇਸ਼ ਭਾਰਤ ਨਾਲ ਜੁੜੇ ਹੋਏ ਸਨ ਪਰ ਹਮਦਰਦੀ ਦੇ ਪੱਧਰ ਉੱਤੇ ਉਨ੍ਹਾਂ ਨੇ ਸਮੁੱਚੇ ਵਿਸ਼ਵ ਨੂੰ ਇੱਕ ਘੇਰੇ ਅੰਦਰ ਲਿਆਂਦਾ ਸੀ, ਜਿਸ ਵਿੱਚ ਨਸਲਵਾਦ ਦੇ ਲਈ ਕੋਈ ਜਗ੍ਹਾ ਨਹੀਂ ਸੀ । ਇਸ ਤਰ੍ਹਾਂ ਉਹ ਭਾਰਤ ਦੇ ਹੀ ਨਹੀਂ ਸਗੋਂ ਪੂਰੇ ਵਿਸ਼ਵ ਦੇ ਨਾਗਰਿਕ ਸਨ। ਇਸ ਤਰ੍ਹਾਂ ਉਹ ਇੱਕ ਸੱਚੇ ਅੰਤਰਰਾਸ਼ਟਰਵਾਦੀ ਸਨ।

9. **ਆਜ਼ਾਦੀ ਅਤੇ ਸਵੈ-ਬੋਧ ਦਾ ਸਿਧਾਂਤ (Theory of Freedom and Self-Realisation):** ਸੁਤੰਤਰਤਾ ਦਾ ਵਿਸ਼ੇਸ਼ ਭਾਰਤੀ ਵਿਚਾਰ ਜੋ **ਰਾਜਾ ਰਾਮ ਮੋਹਨ ਰਾਏ** ਤੋਂ ਵਿਕਸਿਤ ਹੋਣਾ ਸ਼ੁਰੂ ਹੋਇਆ ਸੀ ਬਾਅਦ ਵਿੱਚ **ਸਵਾਮੀ ਵਿਵੇਕਾਨੰਦ, ਅਰਵਿੰਦ ਘੋਸ਼, ਗਾਂਧੀ ਅਤੇ ਟੈਗੋਰ** ਦੁਆਰਾ ਪੇਸ਼ ਕੀਤਾ ਗਿਆ। **ਰਾਜਾ ਰਾਮ ਮੋਹਨ ਰਾਏ** ਭਾਰਤੀ ਅਤੇ ਪੱਛਮੀ ਵਿਚਾਰਾਂ ਨੂੰ ਆਪਣੀਆਂ ਪਰੰਪਰਾਵਾਂ ਪ੍ਰਤੀ ਦ੍ਰਿੜ੍ਹ ਵਚਨਬੱਧਤਾ ਨਾਲ ਮਿਲਾਉਣਾ ਚਾਹੁੰਦੇ ਸਨ। ਵਿਵੇਕਾਨੰਦ ਵੀ ਰਾਜਾ ਰਾਮ ਮੋਹਨ ਰਾਏ ਦੀ ਤਰ੍ਹਾਂ ਹੀ ਭਾਰਤੀ ਪਰੰਪਰਾਵਾਂ ਨਾਲ ਜੁੜੇ ਹੋਏ ਸਨ। ਅਰਵਿੰਦ, ਗਾਂਧੀ ਅਤੇ ਟੈਗੋਰ ਨੇ ਵਿਅਕਤੀ ਦੀ ਪਹਿਚਾਣ ਅਤੇ ਸੰਸਕ੍ਰਿਤੀ ਗਵਾਏ ਬਿਨਾਂ ਤਾਲਮੇਲ ਉੱਤੇ ਜ਼ੋਰ ਦਿੱਤਾ।

ਟੈਗੋਰ ਲਈ ਸੁਤੰਤਰਤਾ ਦਾ ਅਰਥ ਕੇਵਲ ਰਾਜਨੀਤਕ ਮੁਕਤੀ ਹੀ ਨਹੀਂ ਸੀ ਸਗੋਂ ਵਿਸ਼ਵ ਦੇ ਵਿਅਕਤੀ ਨਾਲ ਮਿਲਣ ਤੋਂ ਸੀ । ਉਨ੍ਹਾਂ ਨੇ ਪ੍ਰਮੁੱਖਤਾ ਨਾਲ ਦੱਸਿਆ ਸੀ ਕਿ ਕਈ ਰਾਸ਼ਟਰ ਅਤੇ ਲੋਕ ਸ਼ਕਤੀਸ਼ਾਲੀ ਤਾਂ ਸਨ ਪ੍ਰੰਤੂ ਸੁਤੰਤਰ ਨਹੀਂ ਸਨ ਕਿਉਂਕਿ ਸੁਤੰਤਰਤਾ ਦਾ ਅਹਿਸਾਸ ਬੰਧਨਕਾਰੀ ਸ਼ਕਤੀ ਦਾ ਕੇਵਲ ਪ੍ਰਯੋਗ ਕਰਨ ਤੋਂ ਬਿਲਕੁਲ ਅਲੱਗ ਹੈ । ਜੀਵਨ ਦੀ ਦਸ਼ਾ ਅਤੇ ਦ੍ਰਿਸ਼ਟੀਕੋਣ ਦੇ ਕਾਰਨ ਮਨੁੱਖ ਆਪਣਾ

**International Journal of Research in Economics and Social Sciences(IJRESS)**
Available online at: http://euroasiapub.org
Vol. 9 Issue 1, January- 2019
ISSN(o): 2249-7382 | Impact Factor: 6.939 |

ਸਰਬ-ਉੱਚ ਵਿਕਾਸ ਕਰਨਾ ਚਾਹੁੰਦਾ ਹੈ। ਮਨੁੱਖ ਇਸ ਬ੍ਰਹਿਮੰਡ ਦੇ ਇੱਕ ਭਾਗ ਦੇ ਰੂਪ ਵਿੱਚ ਕੇਵਲ ਉਸ ਸਮੇਂ ਹੀ ਸੁਤੰਤਰਤਾ ਦਾ ਉਪਯੋਗ ਕਰ ਸਕਦਾ ਹੈ ਜਦੋਂ ਉਹ ਵਿਸ਼ਵ ਦੇ ਨਾਲ ਆਪਣੇ ਸੰਬੰਧਾਂ ਨੂੰ ਸਥਾਪਿਤ ਕਰ ਲਵੇ। ਇਹ ਏਕਤਾ ਦਾ ਸੰਬੰਧ ਹੈ ਜਦੋਂ ਕਿ ਸੱਤਾ ਵੰਡ ਪੈਦਾ ਕਰਦੀ ਹੈ।

ਟੈਗੋਰ, **ਇਲੀਅਟ** ਦੇ ਆਧੁਨਿਕ ਸਮਾਜ ਸਬੰਧੀ ਉਨ੍ਹਾਂ ਵਿਚਾਰਾਂ ਨਾਲ ਸਹਿਮਤ ਸਨ ਜਿਨ੍ਹਾਂ ਅਨੁਸਾਰ ਆਧੁਨਿਕ ਸਮਾਜ ਨੂੰ ਮਸ਼ੀਨੀ ਅਤੇ ਖੋਖਲਾ ਸਮਾਜ ਮੰਨਿਆ , ਜੋ ਸਿਰਜਣਾਤਮਕ ਭਾਵਨਾ ਅਤੇ ਊਰਜਾ ਨੂੰ ਵਿਅਰਥ ਕਰ ਦਿੰਦਾ ਹੈ। ਉਨ੍ਹਾਂ ਨੇ ਅਜਿਹੀ ਸੁਤੰਤਰਤਾ ਦੀ ਇੱਛਾਜ਼ਾਹਰ ਕੀਤੀ ਜੋ ਮਨੁੱਖ ਨੂੰ ਉਸ ਦੇ ਵਿਚਾਰਾਂ ਅਤੇ ਅਭਿਲਾਸ਼ਾਵਾ ਮਹਿਸੂਸ ਕਰਵਾਉਣ ਵਿੱਚ ਸਫ਼ਲ ਹੋਵੇਗੀ ਕਿਉਂਕਿ ਇਸ ਸੁਤੰਤਰਤਾ ਨੇ ਵਿਵੇਕ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਦੀ ਮਦਦ ਨਾਲ ਵੱਖ -ਵੱਖ ਪ੍ਰਕਾਰ ਦੀ ਸਿਰਜਣਾਤਮਕ ਕਲਾ ਵਿੱਚ ਆਪਣੀ ਪਹਿਚਾਣ ਬਣਾਈ ਹੈ ਅਤੇ ਇਸ ਨਾਲ ਮਾਨਵ -ਮੁਕਤੀ ਦੇ ਲਈ ਉਦਯੋਗੀਕਰਨ ਦੀਆਂ ਯੋਗਤਾਵਾਂ ਦਾਵੀ ਪ੍ਰਯੋਗ ਹੋ ਸਕੇਗਾ।

ਟੈਗੋਰ ਨੂੰ ਸੱਚ, ਚੰਗਿਆਈ ਅਤੇ ਏਕਤਾ ਦੇ ਸਿਧਾਂਤਾਂ ਦੇ ਤੌਰ ਉੱਤੇ ਉਪਨਿਸ਼ਦ ਦਾ ਮਾਰਗ ਦਰਸ਼ਨ ਮਿਲਿਆ ਸੀ ਅਤੇ ਉਹ ਸ਼ਕਤੀਸ਼ਾਲੀ ਰਾਸ਼ਟਰਾਂ ਦੁਆਰਾ ਸ਼ੁਰੂ ਕੀਤੇ ਗਏ ਵਿਸਥਾਰਵਾਦ ਦੇ ਸਿਧਾਂਤ ਨਾਲ ਪੂਰੀ ਤਰ੍ਹਾਂ ਅਸਹਿਮਤ ਸਨ। ਟੈਗੋਰ ਦੇ ਲਈ ਵਿਅਕਤੀ ਦੀ ਸੁਤੰਤਰਤਾ ਮਨੁੱਖੀ ਸੱਭਿਅਤਾ ਅਤੇ ਕੁਦਰਤ ਦੇ ਵਿਕਾਸ ਦਾ ਆਧਾਰ ਸੀ। ਇਹ ਵਿਅਕਤੀ ਦੇ ਲਈ ਮਹਾਨ ਵਿਸ਼ਵ ਦੇ ਨਾਲ ਸਮਾਨਤਾ ਸਥਾਪਿਤ ਕਰਨ ਦੀ ਅੰਦਰੂਨੀ ਜ਼ਰੂਰਤ ਵੀ ਸੀ। ਸੁਤੰਤਰਤਾ ਮਨੁੱਖੀ ਦਿਮਾਗ ਅਤੇ ਆਤਮਾ ਵਿੱਚ ਸੁਭਾਵਿਕ ਹੀ ਹੁੰਦੀ ਹੈ। ਇਸ ਵਿੱਚ ਬਿਹਤਰ ਵਿਵਸਥਾ ਉਤਪੰਨ ਕਰਨ ਦੀ ਸਮਰੱਥਾ ਹੈ । ਉਨ੍ਹਾਂ ਨੇ **ਆਈਨਸਟਾਈਨ** ਨੂੰ ਕਿਹਾ ਸੀ ਕਿ ਉਨ੍ਹਾਂ ਦਾ ਧਰਮ ਮਾਨਵ-ਧਰਮ ਅਤੇ ਮਾਨਵ ਸੁਤੰਤਰਤਾ ਹੈ।

ਟੈਗੋਰ ਭਾਰਤੀ ਉਦਾਰਵਾਦੀਆਂ ਦੀ ਤਰ੍ਹਾਂ ਹੀ ਭਾਰਤ ਦੀ ਵਾਸਤਵਿਕ ਸਮੱਸਿਆ ਨੂੰ ਰਾਜਨੀਤਿਕ ਨਹੀਂ ਸਗੋਂ ਸਮਾਜਿਕ ਮੰਨਦੇ ਸਨ। ਉਨ੍ਹਾਂ ਅਨੁਸਾਰ ਰਾਜਨੀਤਿਕ ਸੁਤੰਤਰਤਾ ਦਾ ਸੌੜਾ ਦ੍ਰਿਸ਼ਟੀਕੋਣ ਇੱਕ ਚੰਗੇ ਸਮਾਜ ਦੀ ਸਥਾਪਨਾ ਕਰਨ ਲਈ ਜ਼ਿਆਦਾ ਉਪਯੋਗੀ ਨਹੀਂ ਹੋਵੇਗਾ ਕਿਉਂਕਿ ਇਸ ਨਾਲ ਮਨੁੱਖ ਨੈਤਿਕ ਅਤੇ ਧਾਰਮਿਕ ਸੁਤੰਤਰਤਾ ਤੋਂ ਵਾਂਝਾ ਰਹਿ ਜਾਵੇਗਾ। ਉਨ੍ਹਾਂ ਨੇ ਇਸ ਸੌੜੇ ਦ੍ਰਿਸ਼ਟੀਕੋਣ ਨੂੰ ਪੇਸ਼ ਕਰਨ ਵਾਲੇ ਸੁਤੰਤਰ ਦੇਸ਼ਾਂ ਨੂੰ ਵੀ ਲਾਹਨਤ ਪਾਈ ਸੀ । ਟੈਗੋਰ ਦਾ ਮੰਨਣਾ ਸੀ ਕਿ ਸਿਰਫ ਰਾਜਨੀਤਿਕ ਸੁਤੰਤਰਤਾ ਕਿਸੇ ਵੀ ਵਿਅਕਤੀ ਨੂੰ ਸੁਤੰਤਰ ਨਹੀਂ ਕਰ ਸਕਦੀ ਕਿਉਂਕਿ ਸਮਾਜ ਵਿੱਚ ਫੁੱਟ ਅਤੇ ਕਮਜ਼ੋਰੀਆਂ ਰਾਜਨੀਤੀ ਲਈ ਖ਼ਤਰਾ ਪੈਦਾ ਕਰ ਦਿੰਦੀਆਂਹਨ। ਇੱਕ ਆਮ ਮਨੁੱਖ ਵਿੱਚ ਵਿਸ਼ਵਾਸ ਪੈਦਾ ਕੀਤੇ ਬਿਨਾਂ ਉਹ ਹਮੇਸ਼ਾ ਨੀਵਾਂ

ਮਹਿਸੂਸ ਕਰੇਗਾ ਅਤੇ ਅਨਿਆਂਪੂਰਨ ਅੱਤਿਆਚਾਰ ਹੁੰਦਾ ਰਹੇਗਾ। ਉਨ੍ਹਾਂ ਨੇ ਵਿਸ਼ਵ ਵਿੱਚ ਹਰੇਕ ਮਨੁੱਖ ਵਿੱਚ ਪਹਿਚਾਣ ਅਤੇ ਗੌਰਵ ਦੀ ਭਾਵਨਾ ਦਾ ਸੰਚਾਰਕਰਕੇ ਸੁਤੰਤਰਤਾ ਨੂੰ ਮਹਿਸੂਸ ਕਰਨ ਦੀ ਜ਼ਰੂਰਤ ਉੱਤੇ ਜ਼ੋਰ ਦਿੱਤਾ। ਉਨ੍ਹਾਂ ਦੀ ਇਹ ਧਾਰਨਾ ਹੋਰ ਸੁਤੰਤਰਤਾ ਵਾਦੀਆਂ ਦੀਆਂ ਧਾਰਨਾਵਾਂ ਤੋਂ ਬਿਲਕੁਲ ਅਲੱਗ ਸੀ।

10. **ਮਨੁੱਖੀ ਵਿਵੇਕ ਉੱਤੇ ਜ਼ੋਰ** **(Emphasis on Human Reason):** **ਮਨੁੱਖੀ ਸੰਕਟ** **(Crisis in Civilization)** ਵਿੱਚ ਉਨ੍ਹਾਂ ਨੇ ਅੰਗਰੇਜ਼ੀ ਸਾਹਿਤ ਦੀ ਮਾਨਵਤਾਵਾਦੀ ਪਰੰਪਰਾ ਦੀ ਪ੍ਰਸ਼ੰਸਾ ਦਾ ਵਰਣਨ ਕੀਤਾ, ਜਿਸ ਨੇ ਆਧੁਨਿਕ ਸੱਭਿਅਤਾ ਵਿੱਚ ਉਨ੍ਹਾਂ ਦੇ ਵਿਸ਼ਵਾਸ ਦਾ ਨਿਰਮਾਣ ਕੀਤਾ । ਟੈਗੋਰ ਮਨੁੱਖੀ ਵਿਵੇਕ ਉੱਤੇ ਪੂਰਨ ਵਿਸ਼ਵਾਸ ਰੱਖਦੇ । ਉਨ੍ਹਾਂ ਦਾ ਮੰਨਣਾ ਸੀ ਕਿ ਮਨੁੱਖ ਆਪਣੀ ਵਿਵੇਕ ਸ਼ਕਤੀ ਦੁਆਰਾ ਆਪਣੇ ਆਪ ਨੂੰ ਸੁਤੰਤਰ ਕਰ ਸਕਦਾ । ਮਨੁੱਖ ਨੂੰ ਚੰਗੀ ਅਤੇ ਖੁੱਲ੍ਹੇ ਵਾਤਾਵਰਨ ਵਾਲੀ ਸਿੱਖਿਆ ਦੇ ਕੇ ਵਿਵੇਕਸ਼ੀਲ ਬਣਾਇਆ ਜਾ ਸਕਦਾ ਹੈ। ਜੇਕਰ ਕਿਸੇ ਮਨੁੱਖ ਕੋਲ ਗੁਣ ਹਨ ਤਾਂ ਉਸ ਨੂੰ ਨਿਸ਼ਚੇ ਹੀ ਦੂਸਰੇ ਨੂੰ ਆਪਣੇ ਗੁਣ ਦੇ ਦੇਣੇ ਚਾਹੀਦੇ ਹਨ ਤਾਂ ਜੋ ਉਹ ਵੀ ਆਪਣੇ ਵਿਵੇਕ ਦੀ ਵਰਤੋਂ ਕਰਦੇ ਹੋਏ ਆਪਣੇ ਆਪ ਨੂੰ ਉੱਨਤ ਕਰ ਸਕੇ। ਉਨ੍ਹਾਂ ਦਾ ਵਿਸ਼ਵਾਸ ਸੀ ਮਨੁੱਖ ਜਾਤੀ ਵਿਸ਼ਵ ਵਿੱਚ ਮੌਜੂਦ ਹੋਰ ਨਸਲਾਂ ਤੋਂ ਸਭ ਤੋਂ ਵੱਧ ਵਿਵੇਕਸ਼ੀਲ ਹੈ।

11. **ਟੈਗੋਰ ਦੇ ਬਰਤਾਨਵੀ ਸ਼ਾਸਨ ਸਬੰਧੀ ਵਿਚਾਰ** **(Tagore's Views on British Rule):** ਉਨ੍ਹਾਂ ਨੇ ਇਹ ਮੰਨਿਆ ਕਿ ਬਾਹਰੀ ਦੁਨੀਆਂ ਨਾਲ ਭਾਰਤ ਦਾ ਸੰਪਰਕ ਅੰਗਰੇਜ਼ਾਂ ਦੇ ਇੱਥੇ ਆਉਣ ਨਾਲ ਸਥਾਪਿਤ ਹੋਇਆ ਅਤੇ ਨਾਲ ਹੀ **ਮੈਕਾਲੇ, ਸ਼ੈਕਸਪੀਅਰ ਅਤੇ ਬਾਏਰਨ** ਦਾ ਜ਼ਿਕਰ ਵੀ ਕੀਤਾ ਜਿਨ੍ਹਾਂ ਨੇ ਮਨੁੱਖ ਦੀ ਜਿੱਤ ਨੂੰ ਪ੍ਰੇਰਨਾ ਦਿੱਤੀ ਅਤੇ ਵਿਸ਼ਵਾਸ ਪੈਦਾ ਕੀਤਾ । ਉਨ੍ਹਾਂ ਅਨੁਸਾਰ ਭਾਵੇਂ ਭਾਰਤੀ ਅੰਗਰੇਜ਼ਾਂ ਤੋਂ ਸੁਤੰਤਰਤਾ ਚਾਹੁੰਦੇ ਹਨ ਪਰ ਅੰਗਰੇਜ਼ਾਂ ਦੀ ਉਦਾਰਤਾ ਅਤੇ ਅੰਗਰੇਜ਼ਾਂ ਦੇ ਚਰਿੱਤਰ ਵਿੱਚ ਵਿਸ਼ਵਾਸ ਵੀ ਭਾਰਤੀਆਂ ਵੱਲੋਂ ਕੀਤਾ ਗਿਆ ਜੋ ਕਿ ਅੰਗਰੇਜ਼ਾਂ ਦੇ ਵਿਸ਼ਵ ਭਰਾਤਰੀਭਾਵ ਦੇ ਸਿਧਾਂਤ ਨੂੰ ਪੇਸ਼ ਕਰਦਾ ਹੈ । ਉਸ ਸਮੇਂ ਦੇ ਹੋਰ ਭਾਰਤੀ ਵਿਚਾਰਕਾਂ ਦੀ ਤਰ੍ਹਾਂ ਟੈਗੋਰ ਦਾ ਵੀ ਵਿਸ਼ਵਾਸ ਸੀ ਕਿ ਭਾਰਤ ਬਰਤਾਨੀਆ ਨਾਲ ਆਪਣੇ ਸੰਪਰਕ ਤੋਂ ਲਾਭ ਉਠਾ ਸਕਦਾ ਹੈ। ਉਨ੍ਹਾਂ ਨੇ ਭਾਰਤ ਉੱਤੇ ਅੰਗਰੇਜ਼ਾਂ ਦੀ ਜਿੱਤ ਨੂੰ ਆਧੁਨਿਕਤਾ ਦੀ ਜਿੱਤ ਮੰਨਿਆ।

ਟੈਗੋਰ ਨੇ ਨਾ ਸਿਰਫ਼ ਇਸ ਗੱਲ ਦਾ ਵਰਣਨ ਕੀਤਾ ਕਿ ਇੱਕ ਨੌਜਵਾਨ ਦੇ ਰੂਪ ਵਿੱਚ ਕਿਸ ਤਰ੍ਹਾਂ **ਜਾਨ ਬ੍ਰਾਈਟ** ਤੋਂ ਉਹ ਪ੍ਰਭਾਵਿਤ ਹੋਏ ਸਗੋਂ ਉਨ੍ਹਾਂ ਨੂੰ ਇਹ ਦੁੱਖ ਵੀ ਹੋਇਆ ਕਿ ਭਾਰਤੀ ਉਸ ਉਦਯੋਗਿਕ ਸ਼ਕਤੀ ਤੋਂ ਵੀ ਵਾਂਝੇ ਰਹਿ ਗਏ ਜਿਸ ਨੇ ਮਹਾਨ ਬਰਤਾਨੀਆ ਨੂੰ ਵਿਸ਼ਵ ਸ਼ਕਤੀ ਬਣਾ ਦਿੱਤਾ। ਉਨ੍ਹਾਂ ਨੇ ਭਾਰਤ ਵਿੱਚ ਆਧੁਨਿਕਤਾ ਅਤੇ ਵਿਗਿਆਨਿਕ ਸੋਚ ਦੀ ਕਮੀ ਵੱਲ ਵੀ ਇਸ਼ਾਰਾ ਕੀਤਾ। ਉਨ੍ਹਾਂ ਦਾ ਮੰਨਣਾ ਸੀ ਕਿ ਇਸ ਕਮੀ ਨੂੰ ਪੱਛਮ ਨਾਲ ਸੰਪਰਕ ਤੋਂ ਪੂਰਾ ਕੀਤਾ ਜਾ ਸਕਦਾ ਹੈ । ਉਨ੍ਹਾਂ ਦਾ ਮੰਨਣਾ ਸੀ ਕਿ ਇਸ ਤਰ੍ਹਾਂ ਉੱਨੀਵੀਂ

International Journal of Research in Economics and Social Sciences(IJRESS)
Available online at: http://euroasiapub.org
Vol. 9 Issue 1, January- 2019
ISSN(o): 2249-7382 | Impact Factor: 6.939 |

ਸਦੀ ਯੂਰਪ ਨਾਲ ਇੱਕ ਸਹਿਯੋਗ ਦਾ ਯੁੱਗ ਬਣ ਜਾਵੇਗੀ , ਪਰ ਅਜਿਹਾ ਨਾ ਹੋਇਆ। 20 ਵੀਂ ਸਦੀ ਵਿੱਚ ਯੂਰਪ ਆਪ ਆਪਣੇ ਮਾਪਦੰਡਾਂ ਦੇ ਕਾਰਨ ਅਸਫਲ ਹੋ ਗਿਆ ਕਿਉਂਕਿ ਉਹ ਆਪਣੀ ਸੱਭਿਅਤਾ ਦੇ ਗੁਣਾਂ ਨੂੰ ਦੂਸਰਿਆਂ ਨੂੰ ਦੇਣ ਵਿੱਚ ਸਫ਼ਲ ਨਹੀਂ ਹੋ ਸਕਿਆ। ਇਸ ਸੰਦਰਭ ਵਿੱਚ ਟੈਗੋਰ ਨੇ ਸੋਵੀਅਤ ਸ਼ਾਸਨ ਦੇ ਸਰੂਪ ਅਤੇ ਉਦੇਸ਼ਾਂ ਦੇ ਨਾਲ ਬਰਤਾਨਵੀ ਸ਼ਾਸਨ ਦੇ ਸਰੂਪ ਅਤੇ ਆਦੇਸ਼ਾਂ ਵਿਚਕਾਰ ਇੱਕ ਦਿਲਚਸਪ ਵਿਰੋਧਤਾ ਨੂੰ ਪੇਸ਼ ਕੀਤਾ। ਇਹ ਅਜਿਹੀਆਂ ਦੋ ਸ਼ਕਤੀਆਂ ਸਨ ਜਿਨ੍ਹਾਂ ਨੇ ਵੱਖ -ਵੱਖ ਜਾਤੀਆਂ ਉੱਤੇ ਸ਼ਾਸਨ ਕੀਤਾ । ਬਰਤਾਨੀਆ ਨੇ ਆਪਣੇ ਸ਼ਾਸਨ ਦੁਆਰਾ ਅਧੀਨ ਜਾਤਾਂ ਜਾਂ ਲੋਕਾਂ ਨੂੰ ਆਗਿਆਕਾਰੀ ਬਣਾਇਆ ਜਦੋਂ ਕਿ ਸੋਵੀਅਤ ਉਨ੍ਹਾਂ ਨੂੰ ਸ਼ਕਤੀਸ਼ਾਲੀ ਬਣਾਉਣ ਦਾ ਯਤਨ ਕਰ ਰਹੇ ਸਨ । ਇਸ ਤਰ੍ਹਾਂ ਟੈਗੋਰ ਹੌਲੀ -ਹੌਲੀ ਬਰਤਾਨੀਆ ਸ਼ਾਸਨ ਦੇ ਪ੍ਰਸ਼ੰਸਕ ਤੋਂ ਉਸ ਦੇ ਵਿਰੋਧੀ ਬਣਦੇ ਚਲੇ ਗਏ।

12. **ਮਹਾਤਮਾ ਗਾਂਧੀ ਨਾਲ ਮੱਤਭੇਦ (Disagreement With Mahatma Gandhi):** ਮਹਾਤਮਾ ਗਾਂਧੀ ਅਤੇ ਰਵਿੰਦਰ ਨਾਥ ਟੈਗੋਰ ਆਧੁਨਿਕ ਭਾਰਤੀ ਰਾਜਨੀਤਿਕ ਚਿੰਤਨ ਦੇ ਮਹਾਨ ਦਾਰਸ਼ਨਿਕ ਹਨ । ਮਹਾਤਮਾ ਗਾਂਧੀ ਦੇ ਸੰਪੂਰਨ ਰਾਜਨੀਤਿਕ ਚਿੰਤਨ ਦਾ ਵਰਣਨ **ਹਿੰਦ ਸਵਰਾਜ** (1908) ਵਿੱਚ ਅਤੇ ਟੈਗੋਰ ਦਾ ਵਰਨਣ **ਸਵਦੇਸ਼ੀ ਸਮਾਜ** (1904) ਵਿੱਚ ਮਿਲਦਾ ਹੈ। ਦੋਵੇਂ ਵਿਦਵਾਨ ਭਾਰਤ ਦੀ ਪੁਰਾਤਨ ਸੱਭਿਅਤਾ ਅਤੇ ਪੁਰਾਤਨ ਲਿਖਤਾਂ ਤੋਂ ਪ੍ਰਭਾਵਿਤ ਸਨ । ਟੈਗੋਰ ਕਬੀਰ ਅਤੇ ਉਪਨਿਸ਼ਦਾਂ ਤੋਂ ਪ੍ਰਭਾਵਿਤ ਸਨ । ਗਾਂਧੀ ਜੀ ਇੱਕ ਅਧਿਆਤਮਵਾਦੀ ਸਨ ਅਤੇ ਉਹ ਗੀਤਾ ਅਤੇ ਤੁਲਸੀਦਾਸ ਦੇ ਧਰਮਵਾਦ ਵਿੱਚ ਵਿਸ਼ਵਾਸ ਰੱਖਦੇ ਸਨ। ਟੈਗੋਰ ਅਤੇ ਗਾਂਧੀ ਦੋਵੇਂ ਨੈਤਿਕ ਅਤੇ ਅਧਿਆਤਮਕ ਸ਼ਕਤੀਆਂ ਦੀ ਉੱਤਮਤਾ ਵਿੱਚ ਵਿਸ਼ਵਾਸ ਰੱਖਦੇ ਸਨ ਅਤੇ ਹਿੰਸਾ, ਤਾਕਤ ਅਤੇ ਸ਼ੋਸ਼ਣ ਦੀ ਨਿਖੇਧੀ ਕਰਦੇ ਸਨ। ਦੋਵੇਂ ਹੀ ਭਾਰਤੀ ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਦੇ ਹੱਲ ਲਈ ਮੁੱਖ ਤੌਰ 'ਤੇ ਖੇਤੀਬਾੜੀ ਪਹੁੰਚ ਨੂੰ ਅਪਣਾਉਣ ਨੂੰ ਤਰਜੀਹ ਦਿੰਦੇ ਸਨ। ਭਾਵੇਂ ਦੋਨੋਂ ਹੀ ਇੱਕ ਦੂਸਰੇ ਦਾ ਬਹੁਤ ਸਨਮਾਨ ਕਰਦੇ ਸਨ। ਪਰ ਜੀਵਨ ਅਤੇ ਸੱਭਿਆਚਾਰ ਦੇ ਦਰਸ਼ਨ ਲਈ ਉਨ੍ਹਾਂ ਦੀ ਪਹੁੰਚ ਵਿੱਚ ਮਹੱਤਵਪੂਰਨ ਅੰਤਰ ਸਨ।

ਦੱਖਣੀ ਅਫਰੀਕਾ ਤੋਂ ਗਾਂਧੀ ਜੀ ਦੇ ਭਾਰਤ ਵਾਪਸ ਆਉਣ ਅਤੇ ਭਾਰਤੀ ਰਾਜਨੀਤੀ ਵਿੱਚ ਉਨ੍ਹਾਂ ਦੇ ਤੇਜ਼ੀ ਨਾਲ ਉੱਪਰ ਉੱਠਣ ਤੋਂ ਬਾਅਦ ਦੋਹਾਂ ਵਿਚਕਾਰ ਮੱਤਭੇਦ ਉਤਪੰਨ ਹੋਏ । ਇਸ ਦੀ ਸ਼ੁਰੂਆਤ ਗਾਂਧੀ ਜੀ ਦੇ ਅਸਹਿਯੋਗ ਅੰਦੋਲਨ ਅਤੇ ਟੈਗੋਰ ਦੇ ਵਿਸ਼ਵ ਭਰਾਤਰੀ ਭਾਵ ਸਿਧਾਂਤ ਦੀ ਪੇਸ਼ਕਾਰੀ ਅਤੇ ਪਹਿਲੇ ਵਿਸ਼ਵ ਯੁੱਧ ਦੌਰਾਨ ਰਾਸ਼ਟਰਵਾਦ ਦੀ ਆਲੋਚਨਾ ਤੋਂ ਹੋਈ । ਟੈਗੋਰ ਭਾਰਤ ਦੀ ਮੂਲ ਸਮੱਸਿਆ ਨੂੰ ਰਾਜਨੀਤਿਕ ਨਾ

International Journal of Research in Economics and Social Sciences(IJRESS)
Available online at: http://euroasiapub.org
Vol. 9 Issue 1, January- 2019
ISSN(o): 2249-7382 | Impact Factor: 6.939 |

ਮੰਨਦੇ ਹੋਏ ਸਮਾਜਿਕ ਮੰਨਦੇ ਸਨ । ਉਹ ਗਾਂਧੀ ਜੀ ਦੀ ਤਰ੍ਹਾਂ ਭਾਰਤੀ ਸਮਾਜ ਵਿੱਚ ਤਿੱਖੇ ਮੱਤਭੇਦਾਂ ਅਤੇ ਸੰਘਰਸ਼ਾਂ ਤੋਂ ਜਾਣੂ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਵਿਗਿਆਨ ਦੀ ਜਿੱਤ ਨੇ ਪੂਰੇ ਦੇਸ਼ ਨੂੰ ਇੱਕ ਕਰ ਦਿੱਤਾ ਸੀ ਜਿਸ ਨਾਲ ਏਕਤਾ ਪ੍ਰਾਪਤ ਕਰਨਾ ਸੰਭਵ ਹੋ ਸਕਿਆ । ਜਦੋਂ ਕਿ ਇਹ ਏਕਤਾ ਰਾਜਨੀਤਕ ਏਕਤਾ ਨਹੀਂ ਸੀ । ਇਸ ਧਾਰਨਾ ਨਾਲ ਉਹ ਇਸ ਸਿੱਟੇ 'ਤੇ ਪਹੁੰਚੇ ਕਿ ਭਾਰਤ ਇਸ ਸਬੰਧ ਵਿੱਚ ਇੱਕ ਹੱਲ ਪ੍ਰਦਾਨ ਕਰ ਸਕਦਾ ਹੈ। ਰਾਸ਼ਟਰਵਾਦੀ ਲਹਿਰ ਬਾਰੇ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਹ ਸੁਤੰਤਰਤਾ ਦੇ ਲਈ ਸੰਘਰਸ਼ ਨੂੰ ਪ੍ਰਸਿੱਧ ਬਣਾਵੇਗੀ, ਪਰ ਸਮੁੱਚੇ ਤੌਰ 'ਤੇ ਆਪਣੇ ਕੰਮਾਂ ਨੂੰ ਲੈ ਕੇ ਇਹ ਸਿਰਜਣਾਤਮਕ ਹੋਵੇਗੀ ਕਿਉਂਕਿ ਸੁਤੰਤਰਤਾ ਦੀ ਖੋਜ ਇਸ ਦੇ ਕੰਮਾਂ ਨੂੰ ਖ਼ਤਰੇ ਵਿੱਚ ਪਾ ਦੇਵੇਗੀ।

ਟੈਗੋਰ ਨੇ ਇਸ ਤਰਕ ਨੂੰ ਗਾਂਧੀਵਾਦੀ ਅਗਵਾਈ ਅਤੇ ਰਣਨੀਤੀ ਦੀ ਸਾਵਧਾਨੀ ਪੂਰਵਕ ਜਾਂਚ ਕਰਨ ਤੋਂ ਬਾਅਦ ਵਿਕਸਿਤ ਕੀਤਾ । ਉਨ੍ਹਾਂ ਨੇ 1905 ਵਿੱਚ ਬੰਗਾਲ ਦੀ ਵੰਡ ਦੇ ਵਿਰੁੱਧ ਅੰਦੋਲਨ ਦੇ ਦਿਨਾਂ ਵਿੱਚ ਪ੍ਰਾਪਤ ਹੋਏ ਆਪਣੇ ਪੁਰਾਣੇ ਤਜਰਬਿਆਂ ਨਾਲ ਇਸ ਮੁਲਾਂਕਣ ਦਾ ਬੁਨਿਆਦੀ ਢਾਂਚਾ ਤਿਆਰ ਕੀਤਾ । ਟੈਗੋਰ ਨੇ *ਰਕਸ਼ਾ ਬੰਧਨ* ਅਤੇ ਰਾਸ਼ਟਰੀ ਗੀਤਾਂ ਦਾ ਪ੍ਰਚਾਰ ਕਰਨ ਵਿੱਚ ਕ੍ਰਿਆਤਮਕ ਭੂਮਿਕਾ ਨਿਭਾਈ । ਸਵਦੇਸ਼ੀ ਸਮਾਜ ਦੇ ਪ੍ਰਕਾਸ਼ਨ ਤੋਂ ਤੁਰੰਤ ਬਾਅਦ ਉਨ੍ਹਾਂ ਨੇ ਕਮਜ਼ੋਰ ਪੈਂਦੇ ਪਿੰਡਾਂ ਨੂੰ ਪੁਨਰ -ਜੀਵਨ ਦੇਣ ਲਈ ਅਤੇ ਸਾਧਾਰਨ ਲੋਕਾਂ ਵਿੱਚ ਨਵੀਂ ਜਾਗਰੂਕਤਾ ਪੈਦਾ ਕਰਨ ਦਾ ਤੁਰੰਤ ਸੱਦਾ ਦਿੱਤਾ। ਸ਼ੁਰੂ-ਸ਼ੁਰੂ ਵਿੱਚ ਭਾਵੇਂ ਉਹ ਇਸ ਅੰਦੋਲਨ ਵਿੱਚ ਸਭ ਤੋਂ ਅੱਗੇ ਸਨ ਪਰ ਛੇਤੀ ਹੀ ਉਨ੍ਹਾਂ ਦਾ ਇਸ ਤੋਂ ਮੋਹ ਭੰਗ ਹੋ ਗਿਆ ਕਿਉਂਕਿ ਉਨ੍ਹਾਂ ਨੇ ਬਹੁਤ ਜਲਦੀ ਇਹ ਅਨੁਭਵ ਕਰ ਲਿਆ ਕੇ ਜਨ ਜਾਗਰੂਕਤਾ ਦੀ ਜ਼ਰੂਰਤ ਬਾਰੇ ਕਿਸੇ ਨੂੰ ਕੋਈ ਸਰੋਕਾਰ ਅਤੇ ਚਿੰਤਾ ਨਹੀਂ ਸੀ ਅਤੇ ਸ਼ਹਿਰੀ ਮੱਧ ਵਰਗ ਆਪਣੇ-ਆਪਣੇ ਸਵਾਰਥਾਂ ਨੂੰ ਬਚਾਉਣ ਵਿੱਚ ਲੱਗੇ ਹੋਏ ਸਨ। ਉਨ੍ਹਾਂ ਨੇ ਇਸ ਅੰਦੋਲਨ ਤੋਂ ਪਿੱਛੇ ਹਟਣ ਤੋਂ ਬਾਅਦ ਉਸ ਸਮੇਂ ਮੌਜੂਦ ਜ਼ਿਮੀਂਦਾਰੀ ਵਿਵਸਥਾ ਦੇ ਅਧੀਨ ਪੇਂਡੂ ਜੀਵਨ ਦਾ ਪੁਨਰ-ਨਿਰਮਾਣ ਕਰਨ ਦਾ ਗੰਭੀਰ ਯਤਨ ਕੀਤਾ। ਗਾਂਧੀ ਦੇ ਨਾਲ ਉਨ੍ਹਾਂ ਦੇ ਬੁਨਿਆਦੀ ਮੱਤਭੇਦਾਂ ਨੂੰ ਸਮਝਣ ਦੇ ਲਈ ਇਸ ਪਿਛੋਕੜ ਨੂੰ ਜਾਣਨਾ ਜ਼ਰੂਰੀ ਹੈ।

ਗਾਂਧੀ ਜੀ ਦੀਆਂ ਤਰਜੀਹਾਂ ਅਤੇ ਨੀਤੀਆਂ ਬਾਰੇ ਟੈਗੋਰ ਦਾ ਪਹਿ ਲਾ ਲਿਖਤ ਪ੍ਰਮਾਣ ਸਾਨੂੰ ਉਨ੍ਹਾਂ ਦੁਆਰਾ ਸ਼ਾਂਤੀ ਨਿਕੇਤਨ ਤੋਂ **12 ਅਪ੍ਰੈਲ 1919** ਨੂੰ ਲਿਖੇ ਪੱਤਰ ਤੋਂ ਮਿਲਦਾ ਹੈ। ਜਿਸ ਵਿੱਚ ਉਨ੍ਹਾਂ ਨੇ ਗਾਂਧੀ ਜੀ ਨੂੰ ਅਸਹਿਯੋਗ ਅੰਦੋਲਨ ਦੇ ਬਾਰੇ ਸਾਵਧਾਨ ਕੀਤਾ ਸੀ ਕਿਉਂਕਿ ਉਨ੍ਹਾਂ ਅਨੁਸਾਰ ਇਹ ਪ੍ਰੋਗਰਾਮ ਭਾਰਤ ਦੀ ਨੈਤਿਕ ਸ੍ਰੇਸ਼ਠਤਾ ਨੂੰ ਪੇਸ਼ ਨਹੀਂ ਕਰਦਾ ਸੀ। ਉਨ੍ਹਾਂ ਨੇ ਭਾਰਤੀ ਰਾਜਨੀਤੀ ਵਿੱਚ ਗਾਂਧੀ ਜੀ ਦੇ ਆਗਮਨ ਨਾਲ

ਆਏ ਮਹੱਤਵਪੂਰਨ ਪਰਿਵਰਤਨਾਂ ਨੂੰ ਵੀ ਧਿਆਨਪੂਰਵਕ ਦੇਖਿਆ । ਉਨ੍ਹਾਂ ਨੇ ਗਾਂਧੀ ਜੀ ਦੀ ਅਗਵਾਈ ਬਾਰੇ ਵੀ ਬਹੁਤ ਤੇਜ਼ੀ ਨਾਲ ਵਿਚਾਰ ਕੀਤਾ ।ਉਨ੍ਹਾਂ ਨੇ ਇਹ ਵੀ ਮਹਿਸੂਸ ਕੀਤਾ ਕਿ ਪ੍ਰਸਤਾਵਿਤ ਅਸਹਿਯੋਗ ਅੰਦੋਲਨ ਪੂਰੇ ਦੇਸ਼ ਨੂੰ ਆਪਣੀ ਲਪੇਟ ਵਿੱਚ ਲੈ ਲਵੇਗਾ ਅਤੇ ਬੰਗਾਲ ਦੀ ਵੰਡ ਦੇ ਵਿਰੋਧ ਵਿੱਚ ਹੋਏ ਅੰਦੋਲਨ ਤੋਂ ਵੀ ਬਹੁਤ ਬੜਾ ਹੋਵੇਗਾ। ਉਹ ਮੌਜੂਦਾ ਅਵਸਥਾ ਅਤੇ ਪਹਿਲਾਂ ਦੀਆਂ ਅਵਸਥਾਵਾਂ ਦੇ ਮਹੱਤਵਪੂਰਨ ਅੰਤਰ ਨੂੰ ਵੀ ਸਮਝ ਗਏ ਸਨ। ਪਹਿਲੇ ਨੇਤਾ ਸਿਰਫ ਅੰਗਰੇਜ਼ੀ ਵਿੱਚ ਸਿੱਖਿਆ ਪ੍ਰਾਪਤ ਲੋਕਾਂ ਤੋਂ ਇਲਾਵਾ ਹੋਰ ਕਿਸੇ ਨੂੰ ਨਹੀਂ ਦੇਖਦੇ ਸਨ ਜਦੋਂ ਕਿ ਇਸ ਦੇ ਬਿਲਕੁਲ ਉਲਟ ਮਹਾਤਮਾ ਗਾਂਧੀ ਕਰੋੜਾਂ ਅਨਪੜ੍ਹ ਭਾਰਤੀਆਂ ਦੇ ਬੁਲਾਰੇ ਸਨ। ਉਹ ਉਨ੍ਹਾਂ ਦੀ ਭਾਸ਼ਾ ਬੋਲਦੇ ਸਨ ਅਤੇ ਉਸੇ ਤਰ੍ਹਾਂ ਦੇ ਕੱਪੜੇ ਪਾਉਂਦੇ ਸਨ । ਟੈਗੋਰ ਅਨੁਸਾਰ ਭਾਵੇਂ ਕਿ ਉਨ੍ਹਾਂ ਦੇ ਵਿਚਾਰ ਵਿਵਹਾਰਿਕ ਸਨ ਪਰ ਉਨ੍ਹਾਂ ਦੇ ਵਿਚਾਰਾਂ ਵਿੱਚ ਤਰਕ ਅਤੇ ਵਿਗਿਆਨਕ ਸੋਚ ਨਹੀਂ ਸੀ। ਉਨ੍ਹਾਂ ਦੇ ਵਿਚਾਰਾਂ ਵਿੱਚ ਰਾਸ਼ਟਰ ਨੂੰ ਜਾਗ੍ਰਿਤ ਕਰਨ ਦਾ ਸਿਧਾਂਤ ਨਹੀਂ ਸੀ । ਸੱਚ ਦੇ ਰਾਹ ਉੱਤੇ ਚੱਲਣ ਦੀ ਬਜਾਏ ਗਾਂਧੀ ਜੀ ਨੇ ਸਰਲ ਰਸਤੇ ਉੱਤੇ ਚੱਲਣ ਦਾ ਯਤਨ ਕੀਤਾ।

ਬਾਅਦ ਵਿੱਚ ਟੈਗੋਰ ਇਸ ਦਸ਼ਾ ਤੋਂ ਦੁੱਖੀ ਹੋ ਗਏ ਕਿ ਹਰੇਕ ਵਿਅਕਤੀ ਇੱਕ ਹੀ ਆਵਾਜ਼ ਵਿੱਚ ਬੋਲਦਾ ਸੀ ਅਤੇ ਇੱਕੋ ਜਿਹੇ ਯਤਨ ਕਰਦਾ ਸੀ। ਇਸ ਤਰ੍ਹਾਂ ਦੇ ਵਿਕਾਸ ਨੂੰ ਉਨ੍ਹਾਂ ਨੇ ਰਾਸ਼ਟਰਵਾਦ ਦੀ ਸਭ ਤੋਂ ਖਰਾਬ ਪੇਸ਼ਕਾਰੀ ਕਿਹਾ ਕਿਉਂਕਿ ਇਸ ਨੂੰ ਉਹ ਦਾਸਤਾਂ ਪੂਰਨ ਮਾਨਸਿਕਤਾ ਮੰਨਦੇ ਸਨ , ਜਿਸ ਦਾ ਵਿਦੇਸ਼ੀ ਸ਼ਾਸਨ ਨਾਲ ਕੁਝ ਵੀ ਲੈਣਾ ਦੇਣਾ ਨਹੀਂ ਸੀ । ਟੈਗੋਰ ਸਭ ਤੋਂ ਜ਼ਿਆਦਾ ਗਾਂਧੀ ਜੀ ਦੀ ਇਸ ਗੱਲ ਦਾ ਵਿਰੋਧ ਕਰਦੇ ਸਨ ਕਿ ਗਾਂਧੀ ਜੀ ਦੇ ਨਿਰਦੇਸ਼ ਨ ਵਿੱਚ ਹੱਥਾਂ ਨਾਲ ਸੂਤ ਕੱਤਣਾ ਅਤੇ ਵਿਦੇਸ਼ੀ ਕੱਪੜਿਆਂ ਨੂੰ ਜਾਲਣਾ ਵੀ ਸ਼ਾਮਲ ਸੀ । ਉਨ੍ਹਾਂ ਦਾ ਮੰਨਣਾ ਸੀ ਕਿ ਗਾਂਧੀ ਜੀ ਦੇ ਇਨ੍ਹਾਂ ਸਿਧਾਂਤਾਂ ਦਾ ਕਿਸੇ ਵੀ ਸ਼ਰਤ ਉੱਤੇ ਆਲੋਚਨਾਤਮਕ ਰੂਪ ਤੋਂ ਵਿਸ਼ਲੇਸ਼ਣ ਨਹੀਂ ਕੀਤਾ ਗਿਆ ਅਤੇ ਉਨ੍ਹਾਂ ਨੂੰ ਧਰਮ ਸਿਧਾਂਤ ਮੰਨ ਲਿਆ ਗਿਆ । ਗਾਂਧੀ ਜੀ ਜੀ ਦੇ ਨਿਰਦੇਸ਼ਾਂ ਦੀ ਤਰਕਸੰਗਤ ਢੰਗ ਨਾਲ ਪੜਚੋਲ ਨਾ ਕਰਕੇ ਤੇਜ਼ੀ ਨਾਲ ਲਾਗੂ ਕਰ ਦਿੱਤਾ ਗਿਆ। ਉਨ੍ਹਾਂ ਦਾ ਮੰਨਣਾ ਸੀ ਕਿ ਸਾਦਗੀ ਉੱਤੇ ਜ਼ੋਰ ਦੇਣ ਨਾਲ ਆਰਥਿਕ ਵਿਕਾਸ ਹੌਲੀ ਹੋ ਜਾਵੇਗਾ । ਇਸ ਕਰਕੇ ਗਾਂਧੀ ਜੀ ਦੀਆਂ ਯੋਜਨਾਵਾਂ ਨਾਲ ਭਾਰਤ ਅਲੱਗ -ਥਲੱਗ ਪੈ ਜਾਵੇਗਾ ਜਿਸ ਨਾਲ ਭਾਰਤ ਨੂੰ ਪੱਛਮੀ ਗਿਆਨ ਅਤੇ ਪ੍ਰਗਤੀ ਤੋਂ ਵਾਂਝੇ ਹੋਣਾ ਪਵੇਗਾ।

ਗਾਂਧੀ ਜੀ ਨਾਲ ਅਸਹਿਮਤੀ ਪ੍ਰਗਟ ਕਰਦੇ ਹੋਏ ਟੈਗੋਰ ਨੇ ਕਿਹਾ ਕਿ ਮੱਧ ਵਰਗ ਅਤੇ ਜੋ ਕਿਸਾਨ ਭਾਰਤ ਦੀ ਅਬਾਦੀ ਦਾ 80ਪ੍ਰਤੀਸ਼ਤ ਹਿੱਸਾ ਹਨ ਅਤੇ ਜਿਹੜੇ ਸਾਲ ਵਿੱਚ ਛੇ ਮਹੀਨੇ ਵਿਹਲੇ ਰਹਿੰਦੇ ਹਨ ਉਨ੍ਹਾਂ ਦੇ ਬੇਕਾਰ ਹੁੰਦੇ ਸਮੇਂ ਦਾ ਅਨੁਮਾਨ ਅਤੇ ਮੁੱਲ ਲਗਾਉਣਾ ਸੰਭਵ ਨਹੀਂ ਹੈ। ਉਨ੍ਹਾਂ ਨੇ ਇਹ ਹੈਰਾਨੀ ਪ੍ਰਗਟ

International Journal of Research in Economics and Social Sciences(IJRESS)
Available online at: http://euroasiapub.org
Vol. 9 Issue 1, January- 2019
ISSN(o): 2249-7382 | Impact Factor: 6.939 |

ਕੀਤੀ, ਕੀ ਚਰਖੇ ਦੇ ਪ੍ਰਯੋਗ ਦਾ ਪ੍ਰਚਾਰ ਕਰਨਾ ਜ਼ਰੂਰੀ ਹੈ? ਇਸ ਦੀ ਜਗ੍ਹਾ ਉਨ੍ਹਾਂ ਨੇ ਰਚਨਾਤਮਕ ਪ੍ਰੋਗਰਾਮਾਂ ਜਿਵੇਂ ਸਮੂਹਿਕ ਖੇਤੀ ਉੱਤੇ ਜ਼ੋਰ ਦਿੱਤਾ ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਇਸ ਨਾਲ ਛੋਟੇ ਖੇਤਾਂ ਦੇ ਮਾਲਕਾਂ ਦੀ ਦੁਰਦਸ਼ਾ ਦੂਰ ਹੋਵੇਗੀ ਅਤੇ ਗਰੀਬੀ ਨੂੰ ਵੀ ਦੂਰ ਕੀਤਾ ਜਾ ਸਕੇਗਾ। ਉਨ੍ਹਾਂ ਦਾ ਵਿਚਾਰ ਸੀ ਕਿ ਗਾਂਧੀ ਜੀ ਦਾ ਔਰਤਾਂ ਨੂੰ ਅੰਗਰੇਜ਼ੀ ਪੜ੍ਹਨ ਤੋਂ ਰੋਕਣ ਲਈ ਕਹਿਣਾ ਗਲਤ ਸੀ ਅਤੇ ਉਨ੍ਹਾਂ ਨੇ ਸਰਕਾਰੀ ਸਕੂਲਾਂ ਦੇ ਗਾਂਧੀ ਜੀ ਦੇ ਦੁਆਰਾ ਬਾਈਕਾਟ ਦੇ ਸੱਦੇ ਦਾ ਵੀ ਵਿਰੋਧ ਕੀਤਾ। ਭਾਵੇਂ ਟੈਗੋਰ ਮੌਜੂਦਾ ਵਿਵਸਥਾ ਦੇ ਆਲੋਚਕ ਸਨ ਫਿਰ ਵੀ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਚੰਗੇ ਵਿਕਲਪ ਦੀ ਕਮੀ ਵਿੱਚ ਇਸ ਨਾਲ ਸਿਰਫ ਅਗਿਆਨ ਅੰਧਵਿਸ਼ਵਾਸ ਅਤੇ ਪਛੜਾਪਣ ਵੱਧਦਾ ਰਹੇਗਾ। **1928** ਵਿੱਚ ਟੈਗੋਰ ਨੇ ਗਾਂਧੀ ਜੀ ਦੁਆਰਾ ਵਰਣ ਕਰਮ ਦੇ ਸਿਧਾਂਤ ਦੇ ਸਮਰਥਨ ਦੀ ਇਸ ਤਰਕ ਦੇ ਆਧਾਰ 'ਤੇ ਆਲੋਚਨਾ ਕੀਤੀ ਕਿ ਇਹ ਵਿਵਸਥਾ ਠੀਕ ਨਹੀਂ ਹੈ ਕਿਉਂਕਿ ਕੋਈ ਵੀ ਕਿੱਤਾ ਵਿਅਕਤੀ ਦੀ ਯੋਗਤਾ ਦੇ ਅਨੁਸਾਰ ਹੋਣਾ ਚਾਹੀਦਾ ਹੈ ਨਾ ਕਿ ਵਰਣ ਅਨੁਸਾਰ। ਉਨ੍ਹਾਂ ਅਨੁਸਾਰ ਇਹ ਵਿਵਸਥਾ ਨਵੇਂ ਪਣ ਅਤੇ ਮਨੁੱਖੀ ਸੁਤੰਤਰਤਾ ਵਿੱਚ ਅੜਿੱਕਾ ਪਹੁੰਚਾਉਂਦੀ ਹੈ। **20 ਮਈ 1939** ਨੂੰ ਟੈਗੋਰ ਵੱਲੋਂ ਕਾਂਗਰਸ ਨੂੰ ਲਿਖੇ ਗਏ ਇੱਕ ਖ਼ਤ ਵਿੱਚ ਉਨ੍ਹਾਂ ਨੇ ਕਾਂਗਰਸ ਵਿੱਚ ਸ਼ਕ ਸ਼ੀ ਪੂਜਾ ਦੇ ਵਿਰੁੱਧ ਉਦੋਂ ਚਿਤਾਵਨੀ ਦਿੱਤੀ। ਜਦੋਂ ਗਾਂਧੀ ਦੇ ਕੁਝ ਅਨੁਆਈਆਂ ਨੇ ਗਾਂਧੀ ਦੀ ਤੁਲਨਾ ਮੁਸੋਲਿਨੀ ਅਤੇ ਹਿਟਲਰ ਨਾਲ ਕੀਤੀ ਤਾਂ ਪੂਰੇ ਵਿਸ਼ਵ ਵਿੱਚ ਗਾਂਧੀ ਜੀ ਦਾ ਅਪਮਾਨ ਹੋਇਆ।

ਉਨ੍ਹਾਂ ਨੇ ਲੋਕਤੰਤਰ ਦੀ ਉਸ ਸਮੇਂ ਆਲੋਚਨਾ ਕੀਤੀ ਜਦੋਂ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਮਹਾਤਮਾ ਗਾਂਧੀ ਇਸ ਮੋਰਚੇ ਦੇ ਉਦੇਸ਼ਾਂ ਤੋਂ ਪਿੱਛੇ ਹੱਟ ਰਹੇ ਹਨ। ਉਨ੍ਹਾਂ ਨੇ ਨਾ ਕੇਵਲ ਆਲੋਚਨਾ ਕੀਤੀ ਸਗੋਂ ਗਾਂਧੀ ਜੀ ਦੀ ਧਾਰਨਾ ਦਾ ਬਦਲ ਪੇਸ਼ ਕੀਤਾ । ਉਨ੍ਹਾਂ ਨੇ ਮਹਾਤਮਾ ਗਾਂਧੀ ਦਾ ਸ਼ੁਕਰੀਆ ਵੀ ਅਦਾ ਕੀਤਾ ਅਤੇ ਜਾਤੀਵਾਦ, ਛੂਤ-ਛਾਤ ਅਤੇ ਸੰਪਰਦਾਇਕਤਾ ਨਾਲ ਸੰਘਰਸ਼ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ ਦੀ ਪ੍ਰਸੰਸਾ ਕੀਤੀ।ਪਰ ਉਹ ਨਾਲ ਹੀ ਗਾਂਧੀ ਜੀ ਦੀਆਂ ਯੋਜਨਾਵਾਂ ਦੀਆਂ ਕਮਜ਼ੋਰੀਆਂ ਨੂੰ ਪੇਸ਼ ਕਰਨ ਤੋਂ ਵੀ ਪਿੱਛੇ ਨਹੀਂ ਹਟੇ। ਉਦਾਹਰਣ ਵਜੋਂ ਉਨ੍ਹਾਂ ਨੇ ਗਾਂਧੀ ਜੀ ਦੀ ਬੁਨਿਆਦੀ ਸਿੱਖਿਆ ਯੋਜਨਾ ਦੀ ਵੀ ਆਲੋਚਨਾ ਕੀਤੀ । ਇਸ ਤਰ੍ਹਾਂ ਟੈਗੋਰ ਵਿੱਚ ਗਾਂਧੀ ਦੇ ਦ੍ਰਿਸ਼ਟੀਕੋਣ ਦੀਆਂ ਕਮੀਆਂ ਦੱਸਣ ਅਤੇ ਵਿਰੋਧ ਕਰਨ ਦਾ ਹੌਸਲਾ ਸੀ । ਉਨ੍ਹਾਂ ਦੀਆਂ ਆਲੋਚਨਾਵਾਂ ਸਬੂਤਾਂ 'ਤੇ ਅਧਾਰਤ ਹੁੰਦੀਆਂ ਸਨ। ਇਸ ਤਰ੍ਹਾਂ ਰਵਿੰਦਰ ਨਾਥ ਟੈਗੋਰ ਭਾਵੇਂ ਮਹਾਤਮਾ ਗਾਂਧੀ ਜੀ ਦਾ ਬਹੁਤ ਆਦਰ ਕਰਦੇ ਸਨ ਪਰ ਉਨ੍ਹਾਂ ਨੇ ਸਮੇਂ-ਸਮੇਂ ਉੱਤੇ ਤਰਕ ਦੇ ਆਧਾਰ 'ਤੇ ਗਾਂਧੀ ਜੀ ਦੀਆਂ ਕੁਝ ਯੋਜਨਾਵਾਂ ਦੀ ਆਲੋਚਨਾ ਵੀ ਕੀਤੀ।

13. **ਸਮਾਜਵਾਦੀ ਵਿਚਾਰਧਾਰਾ ਦਾ ਵਿਸ਼ਲੇਸ਼ਣ** **(Analysis of Communism)**: ਟੈਗੋਰ ਨੇ ਅਨੇਕਾਂ ਵਾਰ ਯੂਰਪ ਅਤੇ ਅਮਰੀਕਾ ਦੀ ਯਾਤਰਾ ਕੀਤੀ ਸੀ , ਪ੍ਰੰਤੂ ਉਹ ਸਿਰਫ਼ ਇੱਕ ਵਾਰ ਹੀ ਸੋਵੀਅਤ ਰੂਸ ਗਏ ਸਨ । ਉਸ ਸਮੇਂ ਉਨ੍ਹਾਂ ਦੀ ਉਮਰ 70 ਸਾਲ ਸੀ ਅਤੇ ਉਨ੍ਹਾਂ ਨੇ ਇਸ ਯਾਤਰਾ ਨੂੰ ਤੀਰਥ ਯਾਤਰਾ ਮੰਨਿਆ ਅਤੇ ਮਹਿਸੂਸ ਕੀਤਾ ਕਿ ਜੇਕਰ ਉਹ ਇਸ ਯਾਤਰਾ 'ਤੇ ਨਹੀਂ ਜਾਂਦੇ ਤਾਂ ਉਨ੍ਹਾਂ ਦਾ ਜੀਵਨ ਅਧੂਰਾ ਰਹਿਣਾ ਸੀ। ਇਹ ਯਾਤਰਾ ਸਿਰਫ ਦੋ ਹਫਤਿਆਂ ਲਈ ਹੀ ਸੀ । ਇਸ ਯਾਤਰਾ ਦੌਰਾਨ ਉਹ ਸਿਰਫ਼ **ਮਾਸਕੋ** ਗਏ। ***ਰੂਸ ਤੋਂ ਚਿੱਠੀਆਂ*** **(Letters from Russia)** ਨੇ ਉਨ੍ਹਾਂ ਦੀ ਰੂਸ ਸਬੰਧੀ ਯਾਦਾਂ ਨੂੰ ਪੇਸ਼ ਕੀਤਾ । ਇਹ ਉਨ੍ਹਾਂ ਦਾ ਸਿਰਫ ਯਾਤਰਾ ਵਰਨ਼ ਹੀ ਨਹੀਂ ਹੈ ਸਗੋਂ ਉੱਥੇ ਉਨ੍ਹਾਂ ਨੇ ਜੋ ਪਸੰਦ ਜਾਂ ਨਾਪਸੰਦ ਕੀਤਾ ਉਸ ਦਾ ਵਿਚਾਰਸ਼ੀਲ ਲੇਖਾ-ਜੋਖਾ ਪੇਸ਼ ਕਰਦੀਆਂ ਹਨ। ਜ਼ਿਆਦਾਤਰ ਚਿੱਠੀਆਂ ਜਾਂ ਪੱਤਰ ਸੋਵੀਅਤ ਸੰਘ ਨੂੰ ਛੱਡਣ ਤੋਂ ਬਾਅਦ ਲਿਖੇ ਗਏ ਸਨ।

ਟੈਗੋਰ ਨੂੰ ਨਵੀਂ ਸਮਾਜਵਾਦੀ ਸੱਤਾ ਦੁਆਰਾ ਪ੍ਰਚਾਰਿਤ ਕੀਤੀ ਜਾ ਰਹੀ ਨਵੀਂ ਸੰਸਕ੍ਰਿਤੀ ਉੱਤੇ ਕੁਝ ਸ਼ੱਕ ਸੀ। ਉਨ੍ਹਾਂ ਨੇ ਨਵੇਂ ਸਮਾਜ ਦੀ ਸਥਾਪਨਾ ਕਰਨ ਦੇ ਸੋਵੀਅਤ ਯਤਨਾਂ ਦੀ ਪ੍ਰਸ਼ੰਸਾ ਕੀਤੀ ਜੋ ਸਾਧਾਰਨ ਲੋਕਾਂ ਨੂੰ ਸਿੱਖਿਆ , ਖੇਤੀ, ਸਿਹਤ ਅਤੇ ਉਦਯੋਗ ਵਰਗੇ ਮਹੱਤਵਪੂਰਨ ਖੇਤਰਾਂ ਵਿੱਚ ਸਮੂਹਿਕ ਉੱਦਮ ਸ਼ੁਰੂ ਕਰਨ ਦੇ ਲਈ ਅਧਿਕਾਰ ਪ੍ਰਧਾਨ ਕਰ ਰਿਹਾ ਸੀ । ਟੈਗੋਰ ਨੇ ਸਮਾਜਵਾਦੀ ਸ਼ਾਸਨ ਦੁਆਰਾ ਹਿੰਸਾ, ਕਰੂਰਤਾ ਅਤੇ ਦਮਨਕਾਰੀ, ਨਿਰਕੁੰਸ਼ਤਾ ਦੇ ਪ੍ਰਯੋਗ ਦੀ ਨਿੰਦਿਆ ਵੀ ਕੀਤੀ । ਉਨ੍ਹਾਂ ਅਨੁਸਾਰ ਇੱਥੇ ਨੇਤਾਵਾਂ ਅਤੇ ਉਨ੍ਹਾਂ ਦੇ ਅਨੁਆਈਆਂ ਵਿਚਕਾਰ ਸੰਪਰਕ ਝੂਠਾ ਅਤੇ ਅਧੂਰਾ ਸੀ ਜੋ ਕਿ ਅਸ਼ਾਂਤੀ ਦਾ ਲਗਾਤਾਰ ਸਰੋਤ ਬਣ ਰਿਹਾ ਸੀ।

ਟੈਗੋਰ ਨੇ ਇਸ ਗੱਲ ਦੀ ਪ੍ਰਸੰਸਾ ਕੀਤੀ ਕਿ ਸਮਾਜਵਾਦੀਆਂ ਨੇ ਰੂਸ ਦੇ **ਯਾਰ ਸ਼ਾਸਨ** ਦੀਆਂ ਅਨੇਕਾਂ ਕੁਪ੍ਰਥਾਵਾਂ ਨੂੰ ਸਮਾਪਤ ਕਰ ਦਿੱਤਾ ਪਰ ਵਿਚਾਰਾਂ ਦੇ ਦਮਨ ਦੀ ਪ੍ਰਥਾ ਨੂੰ ਜਾਰੀ ਰੱਖਿਆ । ਉਨ੍ਹਾਂ ਨੇ ਸਮਾਜਵਾਦੀਆਂ ਨੂੰ ਇਸ ਪ੍ਰਥਾ ਨੂੰ ਸਮਾਪਤ ਕਰਨ ਦੀ ਸਲਾਹ ਵੀ ਦਿੱਤੀ। ਮਨ ਦੀ ਸੁਤੰਤਰਤਾ ਉੱਤੇ ਵਿਸ਼ਵਾਸ ਕਰਨ ਵਾਲੇ ਦੇ ਰੂਪ ਵਿੱਚ ਉਹ ਸੋਵੀਅਤ ਵਿਵਸਥਾ ਵਿੱਚ ਮੱਤਭੇਦ ਦੇ ਦਮਨ ਦੇ ਖਤਰਿਆਂ ਅਤੇ ਬਦਲਵੇਂ ਨਜ਼ਰੀਏ ਨੂੰ ਆਸਾਨੀ ਨਾਲ ਦੇਖ ਸਕਦੇ ਸਨ। ਉਹ ਗੁੱਸੇ ਅਤੇ ਵਰਗ ਘ੍ਰਿਣਾ ਦੇ ਪ੍ਰਚਾਰ ਦੇ ਵਿਰੁੱਧ ਸਨ। ਜਿਸ ਦੀ ਸੋਵੀਅਤ ਸੰਘ ਸਿੱਖਿਆ ਦਿੰ ਦਾ ਰਿਹਾ ਸੀ ਅਤੇ ਨਾਲ ਹੀ ਉਹ ਮੰਨਦੇ ਸਨ ਕਿ ਕਿਸੇ ਵੀ ਚੰਗੇ ਸਮਾਜ ਨੂੰ ਆਪਣੇ ਵਿਚਾਰ ਪੇਸ਼ ਕਰਨ ਦੀ ਸੁਤੰਤਰਤਾ ਦੇ ਜ਼ਰੀਏ ਮੱਤਭੇਦਾਂ ਦੀ ਮੌਜੂਦਗੀ ਨੂੰ ਜ਼ਰੂਰ ਹੀ ਸਵੀਕਾਰ ਕਰਨਾ

International Journal of Research in Economics and Social Sciences(IJRESS)
Available online at: http://euroasiapub.org
Vol. 9 Issue 1, January- 2019
ISSN(o): 2249-7382 | Impact Factor: 6.939 |

ਚਾਹੀਦਾ ਹੈ। ਅੰਤ ਵਿੱਚ ਭਾਵੇਂ ਉਨ੍ਹਾਂ ਨੇ ਸਮਾਜਵਾਦੀ ਵਿਚਾਰਧਾਰਾ ਨੂੰ ਇੱਕ ਬਿਮਾਰ ਸਮਾਜ ਦੇ ਲਈ ਡਾਕਟਰੀ ਇਲਾਜ ਮੰਨਿਆ ਪਰ ਇਸ ਨੂੰ ਇੱਕ ਸੱਭਿਅਕ ਸਮਾਜ ਦੀ ਸਥਾਈ ਵਿਸ਼ੇਸ਼ਤਾ ਨਹੀਂ ਮੰਨਿਆ।

14. **ਟੈਗੋਰ ਦੇ ਫਾਸੀਵਾਦ ਸਬੰਧੀ ਵਿਚਾਰ** (Tagore's Views on Fascism): **ਮਈ 1926** ਨੂੰ ਰਵਿੰਦਰ ਨਾਥ ਟੈਗੋਰ **ਇਟਲੀ** ਦੀ ਯਾਤਰਾ 'ਤੇ ਗਏ। ਉਸ ਸਮੇਂ ਉੱਥੇ **ਮੁਸੋਲਿਨੀ** ਦਾ ਸ਼ਾਸਨ ਸੀ। ਉੱਥੇ ਰਹਿੰਦੇ ਹੋਏ ਟੈਗੋਰ ਮੁਸੋਲਿਨੀ ਦੀਆਂ ਗਤੀਵਿਧੀਆਂ ਤੋਂ ਬਹੁਤ ਪ੍ਰਭਾਵਿਤ ਹੋਏ । ਇਟਲੀ ਦੇ ਲੀਡਰਾਂ ਨੇ ਉਨ੍ਹਾਂ ਦੀ ਬਹੁਤ ਚੰਗੀ ਆਓ ਭਗਤ ਅਤੇ ਸੇਵਾ ਕੀਤੀ। ਇਟਲੀ ਵਿੱਚ ਰਹਿੰਦੇ ਹੋਏ ਉਹ **ਉਦਾਰ ਆਦਰਸ਼ਵਾਦੀ ਨਵ-ਹੇਗਲੇਰੀਅਨ ਦਾਰਸ਼ਨਿਕ ਕਰੋਸ** ਨੂੰ ਵੀ ਮਿਲੇ। ਭਾਵੇਂ ਉਨ੍ਹਾਂ ਨੇ ਮੁਸੋਲਿਨੀ ਅਤੇ ਇਟਲੀ ਦੇ ਲੀਡਰਾਂ ਦੁਆਰਾ ਕੀਤੀ ਗਈ ਮਹਿਮਾਨ-ਨਿਵਾਜੀ ਦੀ ਪ੍ਰਸ਼ੰਸਾ ਕੀਤੀ , ਪਰ ਉਨ੍ਹਾਂ ਨੇ ਕਦੇ ਵੀ ਫਾਸੀਵਾਦੀ ਰਾਜਨੀਤਿਕ ਅਤੇ ਆਰਥਿਕ ਦਰਸ਼ਨ ਦੀ ਹਾਮੀ ਨਹੀਂ ਭਰੀ । ਉਨ੍ਹਾਂ ਦੇ ਫਾਸੀਵਾਦ ਸਬੰਧੀ ਵਿਚਾਰ ਸਾਨੂੰ ਉਨ੍ਹਾਂ ਦੁਆਰਾ **ਮਾਨਚੈਸਟਰ ਗਾਰਡੀਅਨ** ਨੂੰ ਲਿਖੇ ਗਏ ਪੱਤਰ ਤੋਂ ਪ੍ਰਾਪਤ ਹੁੰਦੇ ਹਨ । ਉਨ੍ਹਾਂ ਨੇ ਇਸ ਪੱਤਰ ਵਿੱਚ ਫਾਸ਼ੀਵਾਦ ਸਬੰਧੀ ਆਪਣੇ ਵਿਚਾਰਾਂ ਨੂੰ ਸਪਸ਼ਟ ਰੂਪ ਵਿੱਚ ਪ੍ਰਗਟ ਕੀਤਾ ਅਤੇ ਫਾਸੀਵਾਦੀ ਰਾਜਨੀਤਿਕ ਅਤੇ ਆਰਥਿਕ ਸੋਚ ਦੀ ਆਲੋਚਨਾ ਕੀਤੀ।

ਉਪਰੋਕਤ ਅਧਿਐਨ ਤੋਂ ਸਾਨੂੰ ਇਹ ਪਤਾ ਲੱਗਦਾ ਹੈ ਕਿ ਟੈਗੋਰ ਸਿੱਧੇ ਰੂਪ ਵਿੱਚ ਕੋਈ ਰਾਜਨੀਤਕ ਦਾਰਸ਼ਨਿਕ ਨਹੀਂ ਸਨ। ਉਹ ਇੱਕ ਮਹਾਨ ਕਹਾਣੀਕਾਰ , ਕਵੀ , ਲੇਖਕ ਸੰਗੀਤਕਾਰ ਚਿੱਤਰਕਾਰ ਸਨ , ਜਿਨ੍ਹਾਂ ਨੇ ਆਪਣੀਆਂ ਰਚਨਾਵਾਂ ਵਿੱਚ ਉਸ ਸਮੇਂ ਦੇ ਹਲਾਤਾਂ ਨੂੰ ਪੇਸ਼ ਹੀ ਨਹੀਂ ਕੀਤਾ ਸਗੋਂ ਆਪਣੇ ਵਿਚਾਰਾਂ ਨੂੰ ਲਾਗੂ ਕਰਨ ਲਈ ਵੀ ਸਾਰਥਕ ਯਤਨ ਕੀਤੇ । ਉਨ੍ਹਾਂ ਦੇ ਵਿਸ਼ਵ -ਭਾਈਚਾਰੇ ਸਬੰਧੀ, ਮਾਨਵਵਾਦ ਸਬੰਧੀ , ਸਿੱਖਿਆ ਸਬੰਧੀ, ਸਾਹਿਤ ਸਬੰਧੀ ਵਿਚਾਰ ਅੱਜ ਵੀ ਵਡਮੁੱਲੇ ਸਾਬਤ ਹੁੰਦੇ ਹਨ । ਉਨ੍ਹਾਂ ਨੇ ਆਪਣੇ ਅਧਿਐਨ ਦੁਆਰਾ ਇਹ ਸਾਬਿਤ ਕਰ ਦਿੱਤਾ ਕਿ ਉਨ੍ਹਾਂ ਦੁਆਰਾ ਦਿੱਤੇ ਗਏ ਵਿਚਾਰ ਜ਼ਮੀਨੀ ਹਕੀਕਤਾਂ ਨਾਲ ਸਬੰਧਤ ਸਨ। ਜਿੱਥੇ ਉਹ ਮਹਾਤਮਾ ਗਾਂਧੀ ਦੀ ਪ੍ਰਸੰਸਾ ਕਰਦੇ ਹਨ ਉੱਥੇ ਉਨ੍ਹਾਂ ਦੀਆਂ ਯੋਜਨਾਵਾਂ ਦਾ ਖੰਡਨ ਵੀ ਕਰਦੇ ਸਨ। ਉਨ੍ਹਾਂ ਨੇ ਆਪਣੇ ਜੀਵਨ ਕਾਲ ਦੌਰਾਨ ਬਹੁਤ ਸਾਰੀਆਂ ਮਹਾਨ ਰਚਨਾਵਾਂ ਲਿਖੀਆਂ ਜਿਨ੍ਹਾਂ ਲਈ ਉਨ੍ਹਾਂ ਨੂੰ ਵਿਸ਼ਵ ਭਰ ਵਿੱਚ ਸਨਮਾਨਿਆ ਗਿਆ। ਉਨ੍ਹਾਂ ਦੇ ਵਿਚਾਰ ਅਤੇ ਰਚਨਾਵਾਂ ਸਿਰਫ਼ ਭਾਰਤ ਲਈ ਹੀ ਨਹੀਂ ਸਨ ਸਗੋਂ ਸਮੁੱਚੇ ਵਿਸ਼ਵ ਲਈ ਸਨ। ਸ਼ਾਇਦ ਇਸੇ ਲਈ ਹੀ ਉਨ੍ਹਾਂ ਨੂੰ ਵਿਸ਼ਵ ਗੁਰੂ ਦਾ ਦਰਜਾ ਦਿੰਦੇ ਹਨ।